ਅਸੀਂ ਹਫ਼ਤੇ ਦੇ ਸੱਤੋ ਦਿਨ ਖੁਲ੍ਹੇ ਹੁੰਦੇ ਹਾਂ।

Sangha Family's New Arrival - Rohin

Congratulations to Grandparents Mr. & Mrs. Norm Sangha and Parents Kuljit and Baljit Sangha on the birth of Rohin on November 5th, 2001. The Sangha's celebrated the birth with Lohri Celebrations on January 13th, 2002 at the Khalsa Diwan Society, Abbotsford. Rohin is pictured below with his parents and in the next picture with his Grandma Mrs. Harpal Sangha.

ਨਿਸ਼ਾਨਾ ਇੱਕੋ ਪਰ ਵਾਦ ਵਿਵਾਦ ਫਿਰ ਵੀ

ਸਭ ਨੂੰ ਪਤਾ ਹੈ ਕਿ ਐਸ.ਈ.2 ਪ੍ਰੋਜੈਕਟ ਦੀ ਪਹਿਲੀ ਅਰਜ਼ੀ ਰੱਦ ਹੋ ਗਈ ਸੀ। ਉਨ੍ਹਾਂ ਦੁਬਾਰਾਸੋਧੀ ਹੋਈ ਅਰਜ਼ੀ ਵਾਸ਼ਿੰਗਟਨ ਸਟੇਟ ਇਨਰਜ਼ੀ ਫਸਿਲਿਟੀ ਸਾਈਟ ਈਵੈਲੂਏਸ਼ਨ ਕਾਉਂਸਲ ਨੂੰ ਦਿਤੀ ਹੋਈ ਹੈ। ਇਸ ਅਰਜ਼ੀ ਦੇ ਹੱਕ ਵਿਚ ਅਤੇ ਵਿਰੋਧ ਵਿਚ ਪੱਖ ਪੇਸ਼ ਕੀਤੇ ਗਏ ਹਨ। ਵਿਰੋਧ ਕਰਨ ਵਾਲਿਆਂ ਵਿਚ ਫਰੇਜ਼ਰ ਵੈਲੀ ਦੀ ਸਮੂਹ ਜੰਤਾ ,ਐਬਟਸਫੋਰਡ ਸਿਟੀ ਅਤੇ ਬੀ.ਸੀ.ਸਰਕਾਰ ਸ਼ਾਮਲ ਹਨ। ਵਾਤਾਵਰਨ ਕੈਨੇਡਾ ਨੇ ਹਵਾਈ ਕੁਆਲਿਟੀ ਸਬੰਧੀ ਬਹੁਤ ਸਾਰੇ ਵਿਗਿਅਨਿਕ ਤੱਤ ਪ੍ਰਕਾਸ਼ਤ ਕੀਤੇ ਜਿਨ੍ਹਾਂ ਦੇ ਆਧਾਰ ਤੇ ਵਿਰੋਧ ਕਰਨ ਵਾਲਿਆਂ ਨੂੰ ਆਪਣੀਆਂ ਦਲੀਲਾਂ ਪ੍ਰਚੰਡ ਕਰਨ ਵਿਚ ਕਾਫੀ ਸਹਾਇਤਾ ਮਿਲੀ। ਪਛਲੇ ਦਿਨੀਂ ਵਾਤਾਵਰਨ ਮੰਤਰੀ ਐਂਡਰਸਨ ਐਬਟਸਫੋਰਡ ਚੈਂਬਰ ਔਫ ਕਾਮ੍ਰਸ ਨੂੰ ਸੰਬੋਧਨ ਕਰ ਰਹੇ ਸਨ ਤਾਂ ਅਲਾਇੰਸ ਐਮ..ਪੀ. ਰੈਂਡੀ ਵਾਈਟ ਨੇ ਮੰਤਰੀ ਦਾ ਧਨਵਾਦ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਆਲੋਚਨਾ ਵੀ ਕੀਤੀ। ਉਨ੍ਹਾਂ ਦਾ ਰੋਸ ਇਹ ਸੀ ਕਿ ਕੇਂਦਰੀ ਸਰਕਾਰ ਇਸ ਕੇਸ ਵਿਚ ਇੰਟਰਵੀਨਰ ਕਿਉਂ ਨਹੀਂ ਬਣੀ। ਅੰਤਮ ਫੈਸਲਾ ਅਜੇ ਹੋਣਾ ਹੈ ਪਰ ਜੇ ਜਿੱਤ ਪ੍ਰੋਜੈਕਟ ਦੇ ਵਿਰੋਧੀਆਂ ਦੀ ਹੁੰਦੀ ਹੈ ਤਾਂ ਜਿੱਤ ਦਾ ਸਿਹਰਾ ਕਿਸ ਦੇ ਸਿਰ ਬੱਜੇਗਾ। ਵਾਈਟ ਨੂੰ ਗਿਲਾ ਹੈ ਕਿ ਫੈਡਰਲ ਮੰਤਰੀ ਨੇ ਫਰੇਜ਼ਰ ਵੈਲੀ ਦੇ ਲੋਕਾਂ ਵਲੋਂ ਕੀਤੀ ਭਰਪੂਰ ਯਤਨਾਂ ਦੀ ਯੋਗ ਸ਼ਲਾਘਾ ਨਹੀਂ ਕੀਤੀ। ਅਸੀਂ ਮਹਿਸੂਸ ਕਰਦੇ ਹਾਂ ਕਿ ਸਭ ਨੇ ਯਤਨ ਕੀਤੇ ਹਨ। ਅੰਤਮ ਫੈਸਲੇ ਦੀ ਉਡੀਕ ਕਰੋ ਅਤੇ ਵਾਦ ਵਿਵਾਦਾਂ ਨੂੰ ਛੱਡੋ। ਜਦੋਂ ਨਿਸ਼ਾਨਾ ਇੱਕੋ ਹੈ ਤਾਂ ਝਗੜਾ ਕਿਸ ਲਈ।

ਮੀਟਿਗ ਖਾਲਸਾ ਦਿਵਾਨ ਸੁਸਾਇਟੀ, ਐਬਟਸਫੋਰਡ 27 ਜਨਵਰੀ ਨੂੰ

ਖਾਲਸਾ ਦਿਵਾਨ ਸੁਸਾਇਟੀ ਐਬਟਸਫੋਡ ਦੀ ਆਉਣ ਵਾਲੇ 2 ਸਾਲ ਲਾਈ ਨਵੀ ਪ੍ਰਬੰਧਕ ਕਮੇਟੀ ਦੀ ਛੇਤੀ ਹੀ ਚੋਣ ਹੋਣ ਵਾਲੀ ਹੈ।
ਇਸ ਬਾਰੇ ਮੌਜੂਦ ਪ੍ਰਬੰਧਕ ਕਮੈਟੀ ਆਪਣੇ ਸਪੋਰਟਰਜ਼ ਨਾਲ ਸਲਾਹ ਮਸ਼ਵਰਾ ਕਰਨਾ ਚਾਹੁੰਦੀ ਹੈ। ਸਪੋਰਟਰਜ਼ ਨੂੰ ਬੇਨਤੀ ਹੈ ਕਿ ਆਪਣੇ ਵਿਚਾਰ ਦੇਣ ਲਈ ਅਤੇ ਦੂਸਰਿਆਂ ਦੇ ਵਿਚਾਰ ਦੇਣ ਲਈ ਐਤਵਾਰ 27 ਜਨਵਰੀ 2002 ਬਾਅਦ ਦੁਪੈਹਰ 1.30 (ਡੇਢ) ਵਜੇ ਪੁਰਾਣੇ ਗੁਰੂ ਘਰ ਪਹੁੰਚੋ।
ਧੰਨਵਾਦ ਸਹਿਤ ਪ੍ਰਬੰਧਕ ਕਮੇਟੀ।

Grewal Berry Farm Ltd.

ਐਬਟਸਫੋਰਡ ਦੇ ਇਲਾਕੇ ਵਿਚ ਗਰੇਵਾਲ ਭਰਾਵਾਂ ਦੀ ਜਾਣੀ ਪਹਿਚਾਣੀ ਗਰੇਵਾਲ ਬੇਰੀ ਫਾਰਮ ਇੰਕ: ਜੋ ਤੁਹਾਨੂੰ ਵਧੀਆ ਰੇਟ, ਫਰੀ ਰਾਈਡ, ਕੀਤੇ ਕੰਮ ਦੀਆਂ ਸਟੈਪਾਂ ਦਿੰਦੇ ਹਨ। ਸੱਤੇ ਦਿਨ ਕੰਮ, ਜਿਸ ਵਿਚ ਸਟਰਾਅ ਬੇਰੀ, ਰਸਬੇਰੀ, ਬਲਿਊ ਬੇਰੀ ਸਬਜ਼ੀਆਂ ਤੇ ਆਦਿ ਦਾ ਕੰਮ ਹੈ। ਬਾਹਰਲੇ ਸਹਿਰਾਂ ਤੋਂ ਆਉਣ ਵਾਲੇ ਵਰਕਰਾਂ ਲਈ ਸਾਡੇ ਕੋਲ ਕੈਬਿਨਾਂ ਦਾ ਵਧੀਆ ਪ੍ਰਬੰਧ ਹੈ। ਕੈਬਨਾਂ ਬੁੱਕ ਕਰਵਾਉਂਣ ਲਈ ਜਲਦੀ ਸਾਡੇ ਨਾਲ ਸੰ ਪਰਕ ਕਰੋ। ਸਾਨੂੰ ਕੰਟਰੈਕਟਰਾਂ ਦੀ ਵੀ ਲੋੜ ਹੈ

ਸਰਜੀਤ ਸਿੰਘ ਗਰੇਵਾਲ ਅਤੇ ਖੜਕ ਸਿੰਘ ਗਰੇਵਾਲ ਤੇ ਉਹਨਾਂ ਦੇ ਸਾਰੇ ਪ੍ਰਵਾਰ ਵਲੋਂ ਗੁਰਪੁਰਬ ਦੀ

ਲੱਖ-ਲੱਖ ਵਧਾਈ ਹੋਵੇ!

Call: Surjit S. Grewal
or Kharhak S. Grewal

604 504-3836
Cel. 604 857-2407 or 604 309-9736

1088 Sumasway,
Abbotsford, B.C.

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਭ ਨੂੰ ਮੁਬਾਰਕਾਂ

ANNOUNCING

4th Edition - Year 2002

Punjabi Patrika Business Directory

Punjabi Patrika

ਇਹ ਡਾਇਰੈਕਟਰੀ ਪੌਕਿਟ ਸਾਜ਼ਿ (6"x10") ਆਮ ਡਾਇਰੈਕਟਰੀਆਂ ਨਾਲੋਂ ਤਕਰੀਬਨ ਅੱਧੇ ਸਾਜ਼ਿ ਦੀ ਹੋਵੇਗੀ!

❖ ❖ ❖ ❖

ਸਾਰੀ ਡਾਇਰੈਕਟਰੀ ਦੋ-ਭਾਸ਼ਾਈ ਹੋਵੇਗੀ ਪੰਜਾਬੀ ਅਤੇ ਅੰਗਰੇਜ਼ੀ ਵਿੱਚ

❖ ❖ ❖ ❖

ਰੇਟ ਬਹੁਤ ਹੀ ਵਾਜ਼ਿਬ ਹਨ!

❖ ❖ ❖ ❖

ਇਹ ਡਾਇਰੈਕਟਰੀ ਸਾਰੇ ਸੈਂਟਰਲ ਫਰੇਜ਼ਰ ਵੈਲੀ:ਐਲਡਰਗਰੋਵ, ਐਬਟਸਫੋਰਡ, ਚਿਲਾਵੈਕ, ਮਿਸ਼ਨ, ਪਿਟ ਮੈਡੋਜ਼, ਮੇਪਲ ਰਿੱਜ ਆਦਿ ਵਿੱਚ: ਬਹੁਤ ਹੀ ਸੁਚੱਜੇ ਢੰਗ ਨਾਲ ਵੰਡੀ ਜਾਵੇਗੀ!

❖ ❖ ❖ ❖

ਵਧੇਰੇ ਜਾਣਕਾਰੀ ਲਈ ਅੱਜ ਹੀ ਸਾਡੇ ਨਾਲ ਸੰਪਰਕ ਪੈਦਾ ਕਰੋ!



1481 Tracey Street
Abbotsford, B.C. V2T 6G4
Bus: 852-2288
Fax: 852-1878
e-mail: punjabipatrika@telus.net

Abbotsford's population is made up of approximately 27%-30% of East Indians and is increasing everyday. So if you want to capture this particular section of the market, it only makes sense that you advertise in the Punjabi Patrika Business Directory.

A very convenient pocket size directory (6"X10", almost half the regular size directory).

All advertisements completely bilingual (English & Punjabi).

Very Competitive Rates!

Distribution Throughout the Central Fraser Valley: Aldergrove, Abbotsford, Mission, Chilliwack, Pitt Meadows, Maple Ridge, etc..

For more information, please contact us at the given phone numbers.

After Successfully Operating Abbotsford Tune-Up for 3 Years We Now Welcome You To Our Second Location

ABBOTSFORD BRAKE & MUFFLER LTD.

604 850-8700

Specializing in Brakes, Exhaust, Front End & Suspension
We do Tune-Ups, Computer Check-Ups & Air Care



ਜਗਰਾਜ

WE WELCOME YOU TO OUR OFFICIAL OPENING
January 27th, 2002
Starting Kirtan at 10:00am followed by Ardas & Langgar

Castrol Authorized Dealer

ਕਰਮਜੀਤ

- ਬਰੇਕਾਂ
- ਟਿਊਨ-ਅੱਪ
- ਟਰਾਂਸਮਿਸ਼ਨ
- ਏਅਰ ਕੇਅਰ ਰਿਪੇਅਰ
- ਐਗਜ਼ਾਸਟ
- ਇੰਜਨ ਵਰਕ
- ਇਲੈਕਟਰੀਕਲਜ਼
- ਕੰਪਿਊਟਰ ਰਾਂਹੀ ਚੈਕਅੱਪ



Jan. & Feb. Specials
Most Cars
Front Brakes $89.00 +Tax
Rear Brakes $79.00 +Tax
ਆਇਲ ਚੇਂਜ ਸਿਰਫ $19.99 + ਵੈਟ

ਐਬਟਸਫੋਰਡ ਬਰੇਕ ਐਂਡ ਮਫਲਰ ਲਿਮਿ.

2016 Paramount Ave., Abbotsford BC (Near Raspberry Co-op)

Training Institute

PRO-SOFT

CAREER & DEVELOPMENT CENTRE
A Human Resource Development Company of the Millennium

THE JOBS ARE THERE. DO YOU HAVE WHAT IT TAKES TO BE JOB READY???

- Information Technology Systems Specialist
- Network Systems Administrator
- Microsoft Certified System Engineer (MCSE Preparation)
- Computer Systems & Network Technician
- Computer Systems Technician
- Network Technician
- A+ Technician
- Computer Applications Programmer
- Microsoft Office User Specialist
- Internet Programmer
- Computer Graphics Design
- Internet Web Design
- Community Social Service Worker/ Special Education Teachers Assistant
- Long-term/Continuing Care Aide
- Child & Family Services Worker
- Youth Psychiatric Aide/Outreach Worker
- Psychiatric Aide/Mental Health Worker
- Medical Office Assistant
- Hospitality Management
- Hospitality Operations
- Food & Beverage Management
- Rooms Management
- Club Management
- Accounting & Financial Management
- Computerized Accounting & Automated Office
- Executive Administrative Assistant
- Human Resources Management

We are pleased to be affiliated and accredited with Private Post Secondary Education Commission, BC Career Colleges Association, Better Business Bureau, National Association for Career Colleges, and the Chamber of Commerce.

Microsoft Authorized Academic Training Program Press Releases · British Columbia · PPSEC Accredited · TOEIC · Authorized PROMETRIC TESTING CENTER · Microsoft Authorized Academic Training Provider · Human Resources Development Canada

YOU MAY BE ELIGIBLE FOR GRANTS & FINANCIAL ASSISTANCE.
FOR DETAILS, CALL: AMARJIT at 604-240-5194
Classes will Start Late February 2002

NEW ABBOTSFORD LOCATION COMING YOUR WAY!!

OPEN HOUSE

Looking forward to seeing you at our OPEN HOUSE for the new Abbotsford location

31726 South Fraser Way, Abbotsford, BC V2T 1T9

OPEN HOUSE

204 - 10114 King George Highway
Surrey, BC Canada V3T 2W4
Tel: (604) 581-5050
Fax: (604) 581-6229

Toll Free: 1-877-581-5017
Web Site: www.prosoftcanada.com
E-mail: asingh@prosoftcanada.com

200 - 530 Hornby Street
Vancouver, BC Canada V6C 2B7
Tel: (604) 687-2211
Fax: (604) 687-2260

Training Institute

PRO-SOFT

CAREER & DEVELOPMENT CENTRE
A Human Resource Development Company of the Millennium

THE NEW ECONOMY NEEDS YOU

DO YOU HAVE THE SKILLS & KNOWLEDGE???
STRETCH YOUR COMFORT ZONE. JOIN US



EMPLOYMENT DEVELOPMENT, SHORT/LONG TERM COURSES, DIPLOMA PROGRAMS AND MANY MORE PROGRAMS!!!

Excellence in Training Since 1987

204 - 10114 King George Highway
Surrey, BC Canada V3T 2W4
Tel: (604) 581-5050
Fax: (604) 581-6229

Toll Free: 1-877-581-5017
Web Site: www.prosoftcanada.com
E-mail: asingh@prosoftcanada.com

200 - 530 Hornby Street
Vancouver, BC Canada V6C 2B7
Tel: (604) 687-2211
Fax: (604) 687-2260

Support for 91-year-old Abbotsford Sikh Temple builds – Will we finally get national heritage status?

By Mindy Sangha

A historian with the National Historic Sites Directorate was in BC recently to prepare a report that goes to the Historic Sites and Monuments Board of Canada. It is this Board that makes recommendations to the Minister of Heritage, Sheila Copps, concerning the designation of national historic sites.

The official's mission is to give the Board information about the history of the 91-year-old Abbotsford Sikh Temple, its architecture and also the current physical state of the building. She's the Board's ears and eyes so to speak, and it is her report that will help the Board make a decision regarding its recommendation to the Minister on whether the temple should be declared a national heritage site.

Last October, during the Minister's visit to the temple and at a breakfast meeting, we were under the impression that the temple had already been declared a national heritage. This is not actually the case. The Heritage Minister will only make the final decision once she receives recommendations by the Board.

The old Vancouver temple was important historically but it was demolished. It had an interesting history but is gone now and that is why, all the more, the Sikh community here is trying to hang on to this historical temple here in Abbotsford. As Norm Sangha, the President of the Abbotsford Sikh Temple, so aptly puts it, "We've lost other temples and don't want to loose this one."

The temple is important to the broader community as well as it is a relic of early immigration to Canada. The MSA Museum at Trethewey in Abbotsford has a lot of historic material including photographs of the old temple. There is an important link between the temple and the early pioneer phase and the mill because many of the early Sikh pioneers in Abbotsford worked for the Trethewey family, and the Trethewey's also donated the lumber. The workers carried the lumber physically on their backs to build the temple.

The old Abbotsford Sikh Temple reflects the story of the immigration of people of different cultures to this country, making a life here, overcoming obstacles and becoming an important part of Canadian society. The temple is associated with this theme and is a very important place for the pioneers.

There is strong community support for this submission, and one of our more ardent supporters is Abbotsford Mayor George Ferguson. He had this to say in support of getting the 91-year-old temple declared a national heritage, "The temple has played a very important role in the development of the community. Canada is a multicultural country. Abbotsford is a multicultural community."

According to Andy Sidhu, Punjabi Patrika's Editor and Publisher, "The general consensus of the community is that it is about time the temple, being the oldest building of its kind in this part, be designated a heritage site."

In the last 10 to 15 years, a number of heritage designations relating to different cultural communities, including the Ukrainian and Chinese communities amongst others, have been made. The Sikh community, however, has not yet been recognised.

While the temple needs a fair amount of work, overall, the fabric of the building including its layout and appearance has changed little. The building has evolved with use but its function and essentials have not changed.

The Abbotsford Sikh Temple has been submitted to the Historic Sites and Monuments Board of Canada. It will be considered at the Board's spring meeting, and the Board will make a recommendation to the Minister of Canadian Heritage concerning its designation.

In order for a site to be declared a national heritage, several factors have to be taken into consideration. The site must be deemed important nationally, or to have national significance. The building also has to be well preserved. When making restoration decisions, in the 'heritage world', they should keep as much as possible to the original.

The following is from the Historic Sites and Monuments Board of Canada's CRITERIA FOR NATIONAL HISTORIC SIGNIFICANCE: A place may be designated of national historic significance by virtue of a direct association with a nationally significant aspect of Canadian history. An archaeological site, structure, building, group of buildings, district or cultural landscape of potential national historic significance will:

a) illustrate an exceptional creative achievement in concept and design, technology, and/or planning, or a significant stage in the development of Canada; or

b) illustrate or symbolize in whole or in part of cultural tradition, a way of life, or ideas important in the development of Canada; or

c) be most explicitly and meaningfully associated or identified with persons who are deemed of national historic importance; or

d) be most explicitly and meaningfully associated or identified with events that are deemed of national historic importance.

The Abbotsford Sikh Temple fits best under criterion b).

Furthermore, the Board's GENERAL GUIDELINES state:

A place must be in a condition that respects the integrity of its design, materials, workmanship, function and/ or setting to be considered for designation of national historic significance, insofar as any of these elements are essential to understand its significance.

Since the beginning of the 1990s, the Board has been trying to increase its commemorations of the history of ethno cultural communities, as well as of Aboriginal people and women. These three areas have been identified as "strategic priorities." A lot of progress has been made in all three areas, but the Minister of Canadian Heritage and the Historic Sites and Monuments Board of Canada agree that much more needs to be done. At the moment, about 75 designated sites, persons or events are associated with ethno cultural communities other than the French and British. The following are some examples:

PLACES:

Chinese Cemetery at Harling Point (Oak Bay, British Columbia)

Victoria's Chinatown (Victoria, British Columbia)

Wasyl Negrych Pioneer Homestead (Dauphin, Manitoba; early Ukrainian pioneer farm)

Joseph Schneider House (Kitchener, Ontario; associated with immigration of Pennsylvania-German Mennonites)

Sandwich First Baptist Church (Windsor, Ontario; built by Black Underground Railroad refugees)

Stirling Agricultural Village (Stirling, Alberta; a Mormon settlement)

If the Abbotsford Sikh Temple is designated, it will become part of this "family" of national historic sites.

ਕਾਂਗਰਸ ਦੇ ਉਮੀਦਵਾਰ

ਪੰਜਾਬ ਵਿਧਾਨ ਸਭਾ ਦੀਆਂ 13 ਫਰਵਰੀ 2002 ਨੂੰ ਹੋ ਰਹੀ ਚੋਣ ਵਿਚ ਕਾਂਗਰਸ ਪਾਰਟੀ ਵਲੋਂ ਖੜੇ ਕੀਤੇ 106 ਉਮੀਦਵਾਰਾਂ ਦੀ ਸੂਚੀ ਅਤੇ ਕਾਂਗਰਸ ਪਾਰਟੀ ਨੇ ਆਪਣੀ ਸਹਿਯੋਗੀ ਕਮਿਊਨਿਸਟ ਪਾਰਟੀ ਆਫ ਇੰਡੀਆ ਲਈ ਗਿਆਰਾਂ ਸੀਟਾਂ ਛੱਡੀਆਂ ਹਨ । ਪਟਿਆਲਾ ਕੈਪਟਨ ਅਮਰਿੰਦਰ ਸਿੰਘ ,ਨਾਭਾ ਰਣਦੀਪ ਸਿੰਘ,ਸਮਾਣਾ ਬਰਹਮ ਮਹਿੰਦਰਾ,ਬਨੂੜ ਸ਼ਲੀਮ ਸ਼ਾਹੀ,ਰਾਜਪੁਰਾ ਰਾਜ ਖੁਰਾਨਾ,ਘਨੌਰ ਜਸਜੀਤ ਸਿੰਘ ਰੰਧਾਵਾ,ਡਕਾਲਾ ਲਾਲ ਸਿੰਘ,ਸ਼ੁਤਰਾਣਾ ਰਾਮ ਚੰਦ ।

ਫਰੀਦਕੋਟ ਅਵਤਾਰ ਸਿੰਘ ਬਰਾੜ ,ਲੰਬੀ ਗੁਰਨਾਮ ਸਿੰਘ ਅਬੁਲ ਖੁਰਾਨਾ ,ਰਿਦੜਵਾਹਾ ਰਘੁਬੀਰ ਸਿੰਘ,ਮੁਕਤਸਰ ਹਰਚਰਨ ਸਿੰਘ ਬਰਾੜ, ਕੋਟਕਪੂਰਾ ਵਿਭੈਦ ਸ਼ਰਮਾ, ਮੋਗਾ ਵਿਜੈ ਕੁਮਾਰ ਸਾਂਗੀ,ਬਾਘਾ ਪੁਰਾਣਾ ਮਹੇਸ਼ ਇੰਦਰ ਸਿੰਘ ਨਿਹਾਲੇਵਾਲਾ, ਅਜੈਬ ਸਿੰਘ ਰੌਂਤਾ ਨਿਹਾਲ ਸਿੰਘ ਵਾਲਾ,ਮਲੋਟ ਨੰਬੂ ਰਾਮ ।

ਫਿਰੋਜ਼ਪੁਰ ਕੈਂਟ ਰਵਿੰਦਰ ਸਿੰਘ ਸੰਧੂ ,ਫਿਰੋਜ਼ਪੁਰ ਮੁਕੰਦ ਲਾਲ ਸ਼ਰਮਾ,ਜ਼ੀਰਾ ਕੁਲਦੀਪ ਸਿੰਘ ਭੁਲਰ,ਧਰਮਕੋਟ ਜਗਦਰਸ਼ਨ ਕੌਰ,ਗੁਰੂ ਹਰਸਹਾਏ ਰਾਣਾ ਗੁਰਮੀਤ ਸਿੰਘ ਸੋਢੀ,ਜਲਾਲਾਬਾਦ ਹੰਸ ਰਾਜ ਜੋਸ਼ਨ,ਫਾਜ਼ਿਲਕਾ ਡਾ: ਮਹਿੰਦਰ ਕੁਮਾਰ ਰਿਣਵਾ,ਅਬੋਹਰ ਸੁਨੀਲ ਜਾਖੜ ,ਬੁਲਆਣਾ ਪ੍ਰਕਾਸ਼ ਭੱਟੀ,ਸਰਹੰਦ ਡਾ: ਹਰਬੰਸ ਲਾਲ ,ਅਮਲੋਹ ਸਾਧੂ ਸਿੰਘ ਧਰਮਕਟ,ਜੈਤਾ ਸੁਖਰਾਜ ਸਿੰਘ,ਸੁਰਦੂਲਗੜ੍ਹ ਅਜੀਤ ਇੰਦਰ ਸਿੰਘ ਮਫੋਰ,ਰਾਮਪੁਰਾ ਫੂਲ ਹਰਬੰਸ ਸਿੰਧੂ,ਨਥਾਣਾ ਜਸਮੇਲ ਸਿੰਘ ਸੂਬੇਦਾਰ,ਬਠਿੰਡਾ ਸੁਰਿੰਦਰ ਸਿੰਗਲਾ, ਤਲਵੰਡੀ ਸਾਬੋ ਹਰਮਿੰਦਰ ਜੱਸੀ,ਸੁਖਜਿੰਦਰ ਸਿੰਘ ਰੰਧਾਵਾ ਫਤਿਹਗੜ੍ਹ ਚੂੜੀਆਂ ,ਅਸ਼ਵਨੀ ਸੇਖੜੀ ਬਟਾਲਾ, ਤਰਿਪਤ ਰਜਿੰਦਰ ਸਿੰਘ ਕਾਦੀਆਂ,ਪਰਤਾਪ ਸਿੰਘ ਕਾਹਨੂੰਵਾਲ ਸਲਾਮਤ ਮਸੀਹ ਧਾਰੀਵਾਲ , ਖੁਸ਼ਹਾਲ ਬਹਿਲ ਗੁਰਦਾਸਪੁਰ,ਅਰੁਨ ਚੌਧਰੀ ਦੀਨਾ ਨਾਗਰ, ਰਾਮੁਲ ਚੰਦ ਨਰੋਟ ਮਹਿਰਾਂ,ਹਰਗੋਬਿੰਦਪੁਰ ਗੁਰਨਾਮ ਸਿੰਘ ਧੀਰੇਵਾਲ ,ਪਠਾਨਕੋਟ ਅਸ਼ੋਕ ਸ਼ਰਮਾ,ਸੁਜਾਨਪੁਰ ਰਘੁਨਾਥ ਸਹਾਇਪੁਰੀ,ਜਲੰਧਰ ਕੈਂਟ ਗੁਰਕੰਵਲ ਕੌਰ, ਜਲੰਧਰ ਸੈਂਟਰਲ ਰਾਜ ਕੁਮਾਰ ਗੁਪਤਾ,ਜਲੰਧਰ ਸਾਉਥ ਮਹਿੰਦਰ ਸਿੰਘ ਕੇ.ਪੀ,ਜਲੰਧਰ ਨਾਰਥ ਅਵਤਾਰ ਹੈਨਰੀ,ਲੋਹੀਆਂ ਖ਼ਾਸ ਭੁਪਿੰਦਰ ਸਿੰਘ ,ਨਕੋਦਰ ਅਮਰਜੀਤ ਸਮਰਾ,ਕਰਤਾਰਪੁਰ ਜਗਜੀਤ ਸਿੰਘ ਚੌਧਰੀ,ਨੂਰ ਮਹਿਲ ਗੁਰਬਿੰਦਰ ਸਿੰਘ ਅਟਵਾਲ,ਨਵਾਂ ਸ਼ਹਿਰ ਪ੍ਰਕਾਸ਼ ਸਿੰਘ ਸੈਣੀ,ਬੰਗਾ ਤਰਲੋਚਨ ਸਿੰਘ,ਫਿਲੌਰ ਸੰਤੋਖ ਸਿੰਘ ,ਆਦਮਪੁਰ ਕੰਵਲਜੀਤ ਲਾਲੀ ,ਕਪੂਰਥਲਾ ਰਾਣਾ ਗੁਰਜੀਤ ਸਿੰਘ ,ਭੁਲੱਥ ਸੁਖਪਾਲ ਸਿੰਘ ਖੈਹਰਾ,ਸੁਲਤਾਨਪੁਰ ਲੋਧੀ ਰਾਜਨਬੀਰ ਸਿੰਘ,ਫਗਵਾੜਾ ਬਲਬੀਰ ਰਾਜਾ ਸੋਢੀ ,ਹੁਸ਼ਿਆਰਪੁਰ ਨਰੇਸ਼ ਠਾਕਰ ਸ਼ਾਮਚੁਰਾਸੀ ਰਾਮ ਲੁਭਾਇਆ,ਮਾਹਲਪੁਰ ਰਾਮਰਤਨ,ਬਲਾਚੌਰ ਰਾਮ ਕਿਸ਼ਨ ਕਟਾਰੀਆ,ਟਾਂਡਾ ਸੰਗਤ ਸਿੰਘ,ਗੜ੍ਹਦੀਵਾਲ ਪਵਨ ਕੁਮਾਰ ਆਦੀਆ,ਦਸੂਹਾ ਰਮੇਸ਼ ਚੰਦਰ ਡੋਗਰਾ,ਮੁਕੇਰੀਆਂ ਡਾ:ਕੇਵਲ ਕਿਸ਼ਨ,ਮੁਰੀਡਾ ਜਗਮੋਹਨ ਸਿੰਘ,ਖਰੜ ਬੀਰ ਦਵਿੰਦਰ ਸਿੰਘ ,ਆਨੰਦਪੁਰ ਸਾਹਿਬ ਰਮੇਸ਼ ਦੱਤ ਸ਼ਰਮਾ,ਚਮਕੌਰ ਸਾਹਿਬ ਭਾਗ ਸਿੰਘ ,ਨੰਗਲ ਰਾਣਾ ਕੇ.ਪੀ.ਸਿੰਘ ,ਲੁਧਿਆਣਾ ਉਤਰੀ ਰਾਕੇਸ਼ ਪਾਂਡੇ,ਲੁਧਿਆਣਾ ਰੂਰਲ ਮਲਕੀਤ ਸਿੰਘ, ਲੁਧਿਆਣਾ ਪੱਛਮੀ ਹਰਨਾਮ ਦਾਸ ਜੌਹਰ,ਲੁਧਿਆਣਾ ਪੂਰਬੀ ਸੁਰਿੰਦਰ ਡਾਵਰ ,ਜਗਰਾਓਂ ਵਿੰਗ ਕਮਾਂਡਰ ਪਰਮਜੀਤ ਸਿੰਘ ਸਿਬੀਆ, ਰਾਏਕੋਟ ਹਰਮਿੰਦਰ ਸਿੰਘ,ਦਾਖਾ ਮਲਕੀਤ ਸਿੰਘ, ਕਿਲਾ ਰਾਏਪੁਰ ਗੁਰਦਿਆਲ ਕੌਰ ਖੰਗੂੜਾ,ਕੁਮਕਲਾਂ ਦੀਸ਼ਰ ਸਿੰਘ,ਸਮਰਾਲਾ ਅਮਰੀਕ ਸਿੰਘ.ਖੰਨਾ ਹਰਬੰਸ ਕੌਰ ,ਪਾਇਲ ਤੇਜ ਪ੍ਰਕਾਸ਼ ਸਿੰਘ ,ਅੰਮ੍ਰਿਤਸਰ ਨਾਰਥ ਜੁਗਲ ਕਿਸ਼ੋਰ ਸ਼ਰਮਾ,ਅੰਮ੍ਰਿਤਸਰ ਦੱਖਣੀ ਹਰਜਿੰਦਰ ਸਿੰਘ ਠੇਕੇਦਾਰ,ਅੰਮ੍ਰਿਤਸਰ ਪੱਛਮੀ ਅਮਰਜੀਤ ਸਿੰਘ ਅਮਾਲ ,ਅੰਮ੍ਰਿਤਸਰ ਕੇਂਦਰੀ ਰਤਨਾ,ਜੰਡਿਆਲਾ ਸਰਦੂਲ ਸਿੰਘ,ਵੈਰਕਾ ਰਾਜ ਕੁਮਾਰ ਬਾਲਮੀਕੀ , ਮਜੀਠਾ ਸਤਵਿੰਦਰ ਸਿੰਘ, ਨਥੂ ਨੰਗਲ, ਬਿਆਸ ਜਸਬੀਰ ਸਿੰਘ ਗਿੱਲ , ਅਜਨਾਲਾ,ਰਵੀ ਰਾਜਬੀਰ ਸਿੰਘ ਰੰਧਾਵਾ,ਰਾਜਾਸਾਂਸੀ ਪ੍ਰਮਿੰਦਰ ਸਿੰਘ , ਅਟਾਰੀ ਰਤਨ ਸਿੰਘ ਸੋਹਲ ਠੇਕੇਦਾਰ,ਤਰਨਤਾਰਨ ਗੁਰਿੰਦਰ ਸਿੰਘ ਕੈਰੋਂ,ਖੜ੍ਹਕ ਸਾਹਿਬ ਸੁਖਦੇਵ ਸਿੰਘ, ਸਾਹਬਾਜਪੁਰੀ ,ਨੁਸਿਹਰਾ ਪੰਨੂਆਂ ਮਾ: ਜਗੀਰ ਸਿੰਘ, ਪੱਟੀ ਤਰਲੋਕ ਸਿੰਘ,ਵਲਤੋਹਾ ਗੁਰਚੇਤ ਸਿੰਘ ਭੁਲਰ, ਸੰਗਰੂਰ ਅਰਵਿੰਦ ਖੰਨਾ,ਮਲੇਰਕੋਟਲਾ ਰਜੀਆ ਸੁਲਤਾਨਾ,ਸ਼ੇਰਪੁਰ ਹਰਚੰਦ ਕੌਰ,ਬਰਨਾਲਾ ਸੁਰਿੰਦਰ ਪਾਲ ਸਿੰਘ ਸਿਬੀਆ,ਭਟੇਰ ਸੁਰਿੰਦਰ ਕੌਰ ਬਾਲੀਆ,ਦਿਰਬਾ ਗੁਰਚਰਨ ਸਿੰਘ ਸੁਨਾਮ ਸੋਨੀਆ ਅਰੋੜਾ, ਧਨੌਲਾ ਜਸੀਤ ਸਿੰਘ ,ਲਹਿਰਾਗਾਗਾ ਰਜਿੰਦਰ ਕੌਰ ਭੱਠਲ, ਧੂਰੀ ਅਫ਼ਰਾ ਸਿੰਘ ,ਮਾਨਸਾ ਬੂਟਾ ਸਿੰਘ,ਬੁਢਲਾਡਾ ਹਰਦੇਵ ਸਿੰਘ ਅਰਸ਼ੀ, ਗੜਸ਼ੰਕਰ ਮਨਜੀਤ ਸਿੰਘ ।

Delhi's Neha is Miss India Universe 2002

Twenty-one-year-old miss Neha of Delhi was crowned as Fa-Femina Miss India Universe 2002 out of India's 26 most beautiful women at the glittering finals of the Fa-Femina Miss India' pageant contest held at the NAC grounds, Madhapur, near hi-tech city late last night.Miss Reshmi (23) of Kolkata and Miss Shruti (22) of Mumbai were crowned as Miss Earth and Miss World respectively. The three beauties will represent India as Miss Universe, Miss Earth and MissWorld at international beauty contests.Miss Gauhar (19) and Miss Tina (23) were declared the first and second runners-up. Neha is a graduate from Jesus and Mary college, Delhi. She loves travelling, interacting with people and eating. Miss Neha stole the show with her written question, "In this time of Indo-Pak tensions, why can't we all seek peace, forget the Indo-Pak border and live like human beings". Bollywood actor Akshya Kumar, sarod maestro Ustad Amjad Ali Khan, British fashion designer Zandra Rhodes, India's formula driving champion Narain Karthikeyan, and former tennis champion Boris Becker's ex-girl friend Sabrina Setlur were among the nine-member panel of judges.A sportive and fun-loving crowd packed the glittering NAC grounds, which had a hi-tech set up, with tantalising music, breath-taking lighting system and a fabulous stage befitting the grand occasion.The heart-throb of millions, actress Raveena Tandon, Shilpa Shetty and Mahima Chowdhry presented a dazzling dance number that drew gusty applause from the crowd. Comperes, Malaika Arora andRajeswari, kept the crowds in raptures with their spontaneous tit bits of humour.Prominent among the audience were former Indian cricket captain Mohammed Azharuddin, his wife former film star Sangeeta Bijlani, telugu actors Chiranjeevi, Venkatesh and Balakrishna, notedindustrialist P Subbarami Reddy and others. Police had made tight security arrangements at the venue of the show and the surrounding areas.

The Filmfare Award Nominations 2002

· Best Film
Asoka
Dil Chahta Hai
Gadar-Ek Prem Katha
Kabhi Khushi Kabhie Gham
Lagaan

· Best Director
Anil Sharma (Gadar-Ek Prem Katha)
Ashutosh Gowariker (Lagaan)
Farhan Akhtar (Dil Chahta Hai)
Karan Johar (Kabhi Khushi Kabhie Gham)
Santosh Sivan (Asoka)

· Best Actor
Aamir Khan (Dil Chahta Hai)
Aamir Khan (Lagaan)
Amitabh Bachchan (Aks)
Shahrukh Khan (Kabhi Khushi Kabhie ham)
Sunny Deol (Gadar-Ek Prem Katha)

· Best Actress
Amisha Patel (Gadar-EK Prem Katha)
Kajol (Kabhi Khushi Kabhie Gham)
Kareena Kapoor (Asoka)
Karisma Kapoor (Zubeidaa)
Tabu (Chandni Bar)

· Best Actor in a supporting role
Ajay Devgan (Lajja)
Akshaye Khanna (Dil Chahta Hai)
Amitabh Bachchan (Kabhi Khushi Kabhie Gham)
Hrithik Roshan (Kabhi Khushi Kabhie Gham)
Jackie Shroff (Yaadein)

· Best Actress in a supporting role
Jaya Bachchan (Kabhi Khushi Kabhie Gham)
Kareena Kapoor (Kabhi Khushi abhie Gham)
Madhuri (Lajja)
Preity Zinta (Chori Chori Chupke Chupke)
Rekha (Lajja)

· Best Performance in a comic role
Govinda (Jodi No.1)
Govinda (Kyo Kii...Main Jhuth Nahi Bolta)
Johny Lever (Ajnabee)
Paresh Rawal (Yeh Teraa Ghar Yeh Mera Ghar)
Saif Ali Khan (Dil Chahta Hai)

· Best Performance in a villainous role
Aftaab Shivdasani (Kasoor)
Akshay Kumar (Ajnabee)
Amrish Puri (Gadar-Ek Prem Katha)
Manoj Bajpai (Aks)
Urmila Matondkar (Pyaar Tune Kya Kiya)

· Best Music
Anu Malik (Mujhe Kuchh Kehna Hai)
A.R. Rahman (Lagaan)
Jatin-Lalit & Others (Kabhi Khushi Kabhie Gham)
Shankar-Ehsaan-Loy (Dil Chahta Hai)
Uttam Singh (Gadar-Ek Prem Katha)

· Best Male Playback Singer
Adnan Sami (Mehbooba mehbooba...Ajnabee)
Shaan (Koi kahe kehta rahe...Dil Chahta Hai)
Sonu Nigam (Suraj hua maddham...Kabhi Khushi Kabhie Gham)
Udit Narayan (Mitwa...Lagaan)
Udit Narayan (Udja kale kawan...Gadar-Ek Prem Katha)

· Best Female Playback Singer
Alka Yagnik (Jaane kyon...Dil Chahta Hai)
Alka Yagnik (O re chhori...Lagaan)
Alka Yagnik (San sanana...asoka)
Kavita Krishnamoorthy (Dheeme dheeme...Zubeidaa)
Vasundhara Das (Rabba rabba...Aks)

ਸਥਾਨਕ ਖਬਰਾਂ

ਐਬਟਸਫੋਰਡ ਦਾ ਕੋਰਟ ਹਾਊਸ ਕਾਇਮ ਪਰ ਕਾਨੂਨੀ ਸਹਾਇਤਾ ਵਿਚ ਕਟੌਤੀ

ਪਿਛਲੇ ਹਫਤੇ ਬੀ.ਸੀ. ਸਰਕਾਰ ਨੇ ਵੱਖ ਵੱਖ ਸਰਕਾਰੀ ਸੰਸਥਾਵਾਂ ਅਤੇ ਨੌਕਰੀਅ ਾਂਦੀ ਛਾਂਗਾ ਛਾਂਗੀ ਕੀਤੀਜਿਸ ਵਿਚ ਐਬਟਸਫੋਰਡ ਦੀ ਅਦਾਲਤ ਦਾ ਬਚਾਅ ਹੋ ਗਿਆ ਪਰ ਅਟਾਰਨੀ ਜਨਰਲ ਵਲੋਂ ਕਾਨੂਨੀ ਸਹਾਇਤਾ ਵਿਚ 40% ਦੀ ਕਟੌਤੀ ਕੀਤੀ ਜਾਵੇਗੀ। ਇਹ ਸਹਾਇਤਾ ਘੱਟ ਆਮਦਨ ਵਾਲੇ ਲੋਕਾਂ ਨੂੰ ਦਿੱਤੀ ਜਾਂਦੀ ਹੈ। ਲੀਗਲ ਏਡ ਦੇ ਵਕੀਲ ਕੇਨ ਸਕਿਨਿਕ ਦਾ ਵਿਚਾਰ ਹੈ ਕਿ ਕਟੌਤੀ ਦਾ ਸਾਡੇ ਤੇ ਬਹੁਤ ਅਸਰ ਪਵੇਗਾ। ਇਸ ਕਟੌਤੀ ਦੇ ਫਲਸਰੂਪ ਘੱਟ ਆਮਦਨ ਵਾਲੇ ਬਹੁਤ ਸਾਰੇ ਲੋਕ ਆਪਣੇ ਕੇਸ ਠੀਕ ਢੰਗ ਨਾਲ ਪੇਸ਼ ਨਹੀਂ ਕਰ ਸਕਣਗੇ। ਕਰਾਊਨ ਕਾਂਉਸਲ ਵੀ ਪ੍ਰਭਾਵਿਤ ਹੋਣਗੇ ਕਿਉਂਕਿ ਸੂਬੇ ਵਿਚ 16 ਕਰਾਊਨ ਕਾਂਉਸਲ ਘੱਟ ਕੀਤੇ ਜਾਣਗੇ। ਐਬਟਸਫੋਰਡ ਵਿਚ ਅਜੋਕੀ ਅਦਾਲਤ ਤਾਂ ਕਾਇਮ ਰਹੇਗੀ ਪਰ ਜਿਹੜਾ ਕੋਰਟ ਹਾਊਸ ਨਵਾਂ ਬਣਨਾ ਸੀ ਉਹ ਖਟਾਈ ਵਿਚ ਪੈ ਜਾਵੇਗਾ।

ਅਜੇ ਵੀ ਫਲੂਅ ਦਾ ਟੀਕਾ ਲਗਵਾਉਣ ਦਾ ਸਮਾਂ ਹੈ

ਛੂਤ ਦੀਆਂ ਬੀਮਾਰੀਆਂ ਨੂੰ ਕੰਟਰੋਲ ਕਰਨ ਵਾਲੀ ਨਰਸ ਕ੍ਰਿਸਟਾਈਨ ਹਾਲਪਰਟ ਦਾ ਕਹਿਣਾ ਹੈ ਕਿ ਇਸ ਸਾਲ ਦੀ ਫਲੂਅ ਵੈਕਸੀਨ ਵਿਚ ਪ੍ਰਚੱਲਤ ਫਲੂਅ ਦੀਆਂ ਅਲਾਮਤਾਂ ਦੀ ਦਵਾਈ ਮੌਜੂਦ ਹੈ। ਬੀ.ਸੀ. ਦੇ ਬੀਮਾਰੀ ਦੇ ਕੰਟਰੋਲ ਸੈਂਟਰ ਵਲੋਂ ਦਸਿਆ ਗਿਆ ਹੈ ਕਿ ਸੈਂਟਰ ਹਮੇਸ਼ਾ ਇਹ ਦੱਸਣ ਵਿਚ ਸਫਲ ਰਿਹਾ ਹੈ ਕਿ ਕਿਸ ਕਿਸਮ ਦਾ ਫਲੂਅ ਫੈਲਣ ਵਾਲਾ ਹੈ ਜਾਂ ਫੈਲਿਆ ਹੋਇਆ ਹੈ ਅਤੇ ਅਸੀਂ ਸਮੇਂ ਸਿਰ ਢੁਕਵੀਂ ਵੈਕਸੀਨ ਉਪਲਬਧ ਕਰਵਾਉਂਦੇ ਰਹੇ ਹਾਂ। ਇਸ ਸਾਲ ਵੀ ਉਸੇ ਤਰ੍ਹਾਂ ਕਰ ਰਹੇ ਹਾਂ। ਜੇ ਕਿਸੇ ਨੇ ਅਜੇ ਤਕ ਫਲੂਅ ਦਾ ਟੀਕਾ ਨਹੀਂ ਲਗਵਾਇਆ ਤਾਂ ਹੁਣ ਵੀ ਸਮਾਂ ਹੈ। ਪਿਛਲੇ ਸਾਲ ਅਪਰੈਲ ਤਕ ਫਲੂਅ ਦੀ ਬੀਮਾਰੀ ਹੁੰਦੀ ਰਹੀ। ਵਧੇਰੇ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਹੈਲਥ ਯੂਨਿਟ ਨਾਲ ਸੰਪਰਕ ਕਰੋ ਜਿਸ ਦਾ ਫੋਨ ਤੁਸੀਂ ਫੋਨ ਡਾਇਰੈਕਟਰੀ ਦੇ ਨੀਲੇ ਪੰਨਿਆਂ ਤੋਂ ਲੈ ਸਕਦੇ ਹੋ।

ਸਕੂਲ ਟੀਚਰਾਂ ਨੇ ਸਕੂਲ ਬੋਰਡ ਤੋਂ ਸਹਾਇਤਾ ਮੰਗੀ

ਸਥਾਨਕ ਟੀਚਰਜ਼ ਐਸੋਸੀਏਸ਼ਨ ਦੀ ਪ੍ਰਧਾਨ ਡੈਬਾ ਬ੍ਰੇਰਜ਼ ਅਤੇ ਮੀਤ ਪ੍ਰਧਾਨ ਪਰਸੀ ਆਸਟਿਨ ਨੇ ਸਥਾਨਕ ਜ਼ਿਲ੍ਹਾ ਸਕੂਲ ਬੋਰਡ ਨੂੰ ਅਪੀਲ ਕੀਤੀ ਹੈ ਕਿ ਉਹ ਐਂਪਲਾਇਰਜ਼ ਨਾਲ ਚਲ ਰਹੇ ਝਗੜੇ ਵਿਚ ਉਨ੍ਹਾ ਦੀ ਸਹਾਇਤਾ ਕਰੇ। ਉਨ੍ਹਾਂ ਇਹ ਵੀ ਕਿਹਾ ਕਿ ਟੀਚਰਾਂ ਦੀ ਸੇਵਾ ਸਮਾਜ ਲਈ ਇਕ ਮਹੱਤਵਪੂਰਨ ਸੇਵਾ ਹੈ ਇਸ ਸਬੰਧ ਵਿਚ ਸਕੂਲ ਬੋਰਡ ਦੇ ਚੇਅਰਮੈਨ ਜੋਨ ਸਮਿੱਥ ਨੇ ਤਾਂ ਟੀਚਰਾਂ ਦੀ ਇਸ ਮੰਗ ਦਾ ਸਮਰਥਨ ਕੀਤਾ ਪਰ ਸਕੂਲ ਟ੍ਰੱਸਟੀ ਅਜਿਹੀ ਸਹਾਇਤਾ ਕਰਨ ਤੋਂ ਝਿਜਕ ਰਹੇ ਹਨ। ਸਮਿੱਥ ਨੇ ਇਹ ਵੀ ਕਿਹਾ ਕਿ ਟੀਚਰਾਂ ਦੀਆਂ ਮੰਗਾਂ ਅਤੇ ਐਂਪਲਾਇਰਜ਼ ਵਲੋਂ ਕੀਤੀ ਗਈ ਪੇਸ਼ਕਸ਼ ਵਿਚ ਇੰਨਾ ਪਾੜਾ ਹੈ ਕਿ ਸਮਝੌਤੇ ਦੀ ਕੋਈ ਆਸ ਵਿਖਾਈ ਨਹੀਂ ਦਿੰਦੀ। ਉਧਰ ਐਂਪਲਾਇਰਜ਼ ਦਾ ਕਹਿਣਾ ਹੈ ਕਿ ਸੀਮਤ ਸਾਧਨਾ ਨਾਲ ਸੀਮਤ ਮੰਗਾਂ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਕਈ ਸਕੂਲਾਂ ਦੇ ਵਿਦਿਅਰਥੀ ਵੀ ਦੋਨਾਂ ਧਿਰਾਂ ਨੂੰ ਅਪੀਲਾਂ ਕਰ ਰਹੇ ਹਨ ਕਿ ਕੋਈ ਹੱਲ ਲੱਭਿਆ ਜਾਵੇ ਤਾਂ ਜੋ ਉਨ੍ਹਾ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਸਰਕਾਰ ਨੇ ਦੋਨਾਂ ਪਾਸਿਆਂ ਨੂੰ ਚਿਤਾਵਨੀ ਦਿਤੀ ਹੈ ਕਿ ਹਫਤੇ ਅੰਦਰ ਅੰਦਰ ਜੇ ਕੋਈ ਨਿਪਟਾਰਾ ਨਹੀਂ ਹੁੰਦਾ ਤਾਂ ਨਰਸਾਂ ਵਾਂਗ ਕਾਨੂੰਨ ਪਾਸ ਕਰਕੇ ਟੀਚਰਾਂ ਨੂੰ ਕੰਮ ਤੇ ਭੇਜਿਆ ਜਾਵੇਗਾ। ਸਰਕਾਰ ਦਾ ਫੈਸਲਾ ਦੋਨਾਂ ਧਿਰਾਂ ਨੂੰ ਮੰਨਣਾ ਹੀ ਪਵੇਗਾ।

ਫੈਡਰਲ ਮੰਤਰੀ ਮੰਡਲ ਵਿਚ ਅਦਲਾ ਬਦਲੀ ਕਿਸ ਮੰਤਵ ਲਈ ---ਗਰਾਂਟ ਮਕੈਨਲੀ

ਪਿਛਲੇ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਆਪਣੇ ਮੰਤਰੀ ਮੰਡਲ ਵਿਚ ਕਾਫੀ ਰੱਦੋ ਬਦਲ ਕੀਤੀ ਜਿਸ ਵਿਚ ਕਈ ਮੰਤਰੀਆਂ ਦੇ ਮਹਿਕਮੇ ਬਦਲੇ ਗਏ: ਕਈਆ ਦੀ ਛਾਂਟੀ ਕੀਤੀ ਗਈ। ਹੋਰ ਤਬਦੀਲੀਆਂ ਦੇ ਨਾਲ ਨਾਲ ਬਦੇਸ਼ੀ ਮਾਮਲਿਆਂ ਦੇ ਮੰਤਰੀ ਜੋਨ ਮੈਨਲੈ ਨੂੰ ਡਿਪਟੀ ਪ੍ਰਧਾਨ ਮੰਤਰੀ ਬਣਾਇਆ ਗਿਆ। ਹਰਬ ਧਾਲੀਵਾਲ ਨੂੰ ਫਿਸ਼ਰੀ ਮਹਿਕਮੇ ਦੀ ਥਾਂ ਵਧੇਰੇ ਮਹੱਤਵਪੂਰਨ ਕੁਦਰਤੀ ਸਾਧਨਾਂ ਅਤੇ ਵਾਤਾਵਰਨ ਦਾ ਮਹਿਕਮਾ ਦਿੱਤਾ ਗਿਆ। ਡਿਊਡਨੀ ਦੇ ਐਮ.ਪੀ. ਗ੍ਰਾਂਟ ਮਕੈਨਲੀ ਨੇ ਇਸ ਬਦਲੀ ਤੇ ਟਿਪਣੀ ਕਰਦਿਆਂ ਆਖਿਆ ਕਿ ਪ੍ਰਧਾਨ ਮੰਤਰੀ ਨੇ ਇਉਂ ਕਰਕੇ ਕਈ ਸੁਨੇਹੇਂ ਦਿਤੇ ਹਨ ਜਿਨ੍ਹਾਂ ਵਿਚੋਂ ਇਕ ਹੈ ਕਿ ਉਹ ਉਹ ਆਪਣੇ ਅਹੁਦੇ ਤੇ ਹੋਰ ਵਧੇਰੇ ਸਮਾਂ ਟਿਕੇ ਰਹਿਣਗੇ। ਵਫਾਦਾਰੀਆਂ ਦੀ ਕਦਰ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਉਹ ਪ੍ਰਧਾਨ ਮੰਤਰੀ ਬਣਨ ਦੇ ਚਾਵਾਨ ਪਾਲ ਮਾਰਟਿਨ ਨੂੰ ਵੀ ਲੁਕਵੇਂਢੰਗ ਨਾਲ ਠਿੱਬੀ ਲਾ ਰਹੇ ਹਨ ਕਿਉਂਕਿ ਉਹ ਢਿੱਡੋਂ ਉਨ੍ਹਾਂ ਨਾਲ ਖੁਸ਼ ਨਹੀਂ ਹਨ। ਇਹ ਅਰਥ ਕਢੇ ਹਨ ਮਕੈਨਲੀ ਨੇ ਮੰਤਰੀ ਮੰਡਲ ਦੀ ਅਦਲਾ ਬਦਲੀ ਦੇ। ਵਿਚਾਰ ਆਪੋ ਆਪਣੇ ਹਨ।

ਐਬਟਸਫੋਰਡ ਖਾਦ ਪਲਾਂਟ ਨੂੰ ਜੁਰਮਾਨਾ

ਸੂਬਾਈ ਵੇਸਟ ਮੈਨੇਜਮੈਂਟ ਐਕਟ ਦੀ ਪਾਲਣਾ ਨਾ ਕਰਨ ਵਾਲੇ ਲਿਫੀਵਰ ਰੋਡ ਤੇ ਸਥਿੱਤ ਖਾਦ ਪਲਾਂਟ ਨੂੰ ਵਾਟਰ,ਲੈਂਡਅਤੇ ਹਵਾਈ ਸੁਰੱਖਿਆ ਦੇ ਮੰਥਰਾਲੇ ਵਲੋਂ ਹੁਕਮ ਦਿਤਾ ਗਿਆ ਸੀ ਕਿ ਉਹ ਪਲਾਂਟ ਹਵਾ ਨੂੰ ਪ੍ਰਦੂਸ਼ਿਤ ਕਰਨ ਵਾਲੇ ਅਤੇ ਬਦਬੂ ਫੈਲਾਉਣ ਵਾਲੇ ਪਦਾਰਥ ਉਨਾ ਚਿਰ ਨਾ ਵਰਤੇ ਜਿੰਨਾ ਚਿਰ ਉਹ ਸਰਕਾਰ ਵਲੋਂ ਬਣਾਏ ਗਏ ਕਾਨੂੰਨਾਂ ਦੀ ਸ਼ਰਤ ਪੂਰੀ ਨਹੀਨ ਕਰਦਾ। ਇਨ੍ਹਾਂ ਹੁਕਮਾਂ ਦੀ ਪਰਵਾਹ ਨਾ ਕਰਦੇ ਹੋਏ ਮਾਲਕਾਂ ਨੇ ਆਪਣਾ ਕੰਮ ਪਹਿਲਾਂ ਵਾਂਗ ਜਾਰੀ ਰੱਖਿਆ ਅਤੇ ਉਦੋਂ ਬੰਦ ਕੀਤਾ ਜਦੋਂ ਪਲਾਂਟ ਦੀ ਛੱਤ ਡਿੱਗ ਪਈ। ਉਪਰੋਕਾ ਉਲੰਘਣਾ ਦੇ ਫਲਸਰੂਪ ਅਧਿਕਾਰੀਆਂ ਨੇ ਮਾਲਕਾਂ ਨੂੰ $3500 ਦਾ ਜੁਰਮਾਨਾ ਕਰ ਦਿੱਤਾ। ਯਾਦ ਰਹੇ ਕਿ ਪਲਾਂਟ ਦੇ ਆਂਢੀ ਗੁਆਂਢੀ ਅਤੀ ਔਖੇ ਸਨ ਅਤੇ ਉਨ੍ਹਾਂ ਨੇ ਪਲਾਂਟ ਵਿਰੁੱਧ ਕਾਫੀ ਸ਼ਕਾਇਤਾਂ ਕੀਤੀਆਂ ਸਨ।

ਪਸ਼ੂਆਂ ਤੇ ਹਿੰਸਾ ਕਰਨ ਵਾਲਾ ਕਾਬੂ

ਪਸ਼ੂਆਂ ਤੇ ਹੋਣ ਵਾਲੀ ਹਿੰਸਾ ਨੂੰ ਰੋਕਣ ਵਾਲੀ ਬੀ.ਸੀ.ਦੀ ਸੋਸਾਇਟੀ ਦੇ ਡਾਇਰੈਕਟਰ ਜੋਨ-ਵੈਨ-ਡਰ-ਹੋਵਨ ਦੇ ਦੱਸਣ ਅਨੁਸਾਰ 21 ਦਸੰਬਰ ਨੂੰ ਮਿਸ਼ਨ ਦੇ ਰਹਿਣ ਚਾਲੇ ਰੋਨਲਡ ਮਿੱਲਰ ਨੇ ਆਪਣੇ ਕੁੱਤੇ ਨੂੰ ਇਸ ਤਰ੍ਹਾਂ ਕਿੱਕ ਮਾਰੀ ਕਿ ਕੁੱਤੇ ਦੀ ਕਮਰ ਟੁੱਟ ਗਈ ਅਤੇ ਇਕ ਅੱਖ ਦਾ ਫੋਲਾ ਵੀ ਜ਼ਖਮੀ ਹੋ ਗਿਆ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਗਈ ਜਿਸ ਦੇ ਫਲਸਰੂਪ ਉਸ ਨੂੰ ਪਸ਼ੂਆਂ ਤੇ ਹਿੰਸਾ ਕਰਨ ਦਾ ਦੋਸ਼ੀ ਠਹਿਰਾਇਆ ਗਿਆ। ਉਸ ਤੇ 12 ਮਹੀਨੇ ਦੀ ਪ੍ਰੋਬੇਸ਼ਨ ਲਾਈ ਗਈ ਹੈ। ਹੋਵਨ ਨੇ ਕਿਹਾ ਕਿ ਜਿਹੀ ਸਜ਼ਾ ਦਾ ਮੰਤਵ ਇਹੀ ਹੈ ਕਿ ਪਸ਼ੂਆਂ ਅਤੇ ਹੋਰ ਜਾਨਵਰਾਂ ਤੇ ਗੁੱਸਾ ਕਢਣ ਵਾਲਿਆਂ ਨੂੰ ਜਾਗ੍ਰਿਤ ਕੀਤਾ ਜਾ ਸਕੇ।

ਕ੍ਰਿਸਮਿਸ ਦੇ ਦਿਨੀਂ ਕੀਤਾ ਗਿਆਂ ਹੋ--ਹੋ--ਉਪਰੇਸ਼ਨ

18 ਦਸੰਬਰ ਤੋਂ 21 ਦਸੰਬਰ ਤਕ ਐਬਟਸਫੋਰਡ ਪੁਲਸ ਵਲੋਂ ਹੋ-ਹੋ ਉਪਨਾਮ ਦਾ ਅਮਲ ਕੀਤਾ ਗਿਆ ਜਿਸ ਦਾ ਮੰਤਵ ਸਮਾਜ ਵਿਰੋਧੀ ਅਨਸਰਾਂ ਤੇ ਅੱਖ ਰੱਖਣਾਂ ਅਤੇ ਉਨ੍ਹਾਂ ਨੂੰ ਕਾਬੂ ਕਰਨਾ ਸੀ। ਇਉਂ ਕਰਨ ਲਈ ਕੁੱਝ ਪੁਲਸ ਕਰਮਚਾਰੀ ਅਮਲੀਆਂ ਦਾ ਭੇਸ ਧਾਰ ਕੇ ਡਾਉਨ ਟਾਉਨ ਵਿਚ ਘੁੰਮਦੇ ਫਿਰਦੇ ਰਹੇ। ਉਨ੍ਹਾ ਦਾ ਇਹ ਅਮਲ ਪੂਰੀ ਤਰ੍ਹਾਂ ਸਫਲ ਰਹਾ। ਪੁਲਸ ਨੇ 16 ਅਜਿਹੇ ਵਿਅਕਤੀ ਕਾਬੂ ਕੀਤੇ ਜੋ ਸਮਾਜ ਵਿਰੋਧੀ ਕੁਕਰਮ ਕਰ ਰਹੇ ਸਨ। ਕਾਬੂ ਕੀਤੇ ਜਾਣ ਵਾਲਿਆਂ ਵਿਚ 21 ਸਾਲ ਤੋਂ 72 ਸਾਲ ਦੇ ਭੱਦਰ ਪੁਰਸ਼ ਸ਼ਾਮਲ ਸਨ। ਉਨ੍ਹਾਂ ਉਪਰ ਦੋਸ਼ ਲਾ ਕੇ ਉਨ੍ਹਾਂ ਦੇ ਕੇਸ ਕਰਾਉਨ ਕਾਂਉਸਲ ਨੂੰ ਭੇਜ ਦਿਤੇ ਹਨ। ਇਸੇ ਤਰ੍ਹਾਂ ਦਾ ਇਕ ਉਪਰੇਸ਼ਨ ਅਪ੍ਰੈਲ 2000 ਵਿਚ ਵੀ ਕੀਤਾ ਗਿਆ ਸੀ ਜਿਸ ਵਿਚ ਕਈ ਵੱਡੀਆਂ ਮੱਛੀਆਂ ਫਸੀਆਂ ਸਨ ਪਰ ਉਨ੍ਹਾਂ ਦੇ ਨਾਂ ਜੰਤਕ ਤੌਰ ਤੇ ਪ੍ਰਗਟ ਨਹੀਂ ਕੀਤੇ ਗਏ ਸਨ।

ਜਾਪਾਨ ਦੇ ਸਿਸਟਰ ਸਿਟੀ ਦੀ ਫੇਰੀ ਦੀ ਪੁਣ ਛਾਣ

1998 ਵਿਚ ਐਬਟਸਫੋਰਡ ਅਤੇ ਜਾਪਾਨ ਦੇ ਸ਼ਹਿਰ ਫੁਕਾਗਾਵਾ ਵਿਚਕਾਰ ਇਕ ਸੰਧੀ ਕੀਤੀ ਗਈ ਜਿਸ ਅਧੀਂਨ ਦੋਨਾਂ ਸ਼ਹਿਰਾਂ ਨੇ ਮਿੱਤਰਤਾ, ਸੱਭਿਆਚਾਰ,ਆਰਥਕਤਾ ਅਤੇ ਇਤਿਹਾਸਿਕ ਜਾਣਕਾਰੀ ਦੇ ਆਦਾਨ ਪਰਦਾਨ ਲਈ ਸਹਿਮਤੀ ਹੋਈ। ਅਗਸਤ 2000 ਵਿਚ ਜਾਪਾਨ ਤੋਂ 13 ਮੈਂਬਰੀ ਡੈਲੀਗੇਸ਼ਨ ਇਥੇ ਆਇਆ ਅਤੇ 5 ਦਿਨ ਇਥੇ ਠਹਰਿਆ। ਇਸ ਸਾਲ ਮਈ ਦੇ ਮਹੀਨੇ ਇਤੋਂ ਇਕ ਡੈਲੀਗੇਸ਼ਨ ਜਾਪਾਨ ਜਾਣ ਵਾਲਾ ਹੈ। ਕਾਉਂਸਲਰ ਚੱਕ ਵੀਬ ਵਲੋਂ ਵਿਚਾਰ ਪੇਸ਼ ਹੋਇਆ ਕਿ ਅਜਿਹੇ ਡੈਲੀਗੇਸ਼ਨ ਭੇਜਣ ਜਾਂ ਮੰਗਵਾਉਣ ਦਾ ਕੋਈ ਲਾਹਾ ਨਹੀਂ। ਇਹ ਫੇਰੀਆਂ ਫਜ਼ੂਲ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅਸੀਨ ਅਪੰਗ ਵਿਅਕਤੀਆਂ ਦੀਆਂ ਖੇਡਾਂ ਵਾਸਤੇ ਤਾਂ ਬੜਦਾ ਯੋਗਦਾਨ ਪਾ ਨਹੀਂ ਰਹੇ ਪਰ ਇਨ੍ਹਾਂ ਫੇਰੀਆਂ ਤੇ ਫਜ਼ੂਲ ਖਰਚ ਰਹੇ ਹਾਂ। ਬਾਕੀ ਸਾਰੇ ਕਾਉਂਸਲਰ ਉਨ੍ਹਾ ਦੇ ਇਸ ਵਚਾਰ ਨਾਲ ਸਹਿਮਤ ਨਹੀ ਸਨ। ਉਨ੍ਹਾਂ ਨੇ ਕਿਹਾ ਕਿ ਇਸ ਆਵਾਜਾਈ ਦੇ ਸਿੱਟੇ ਵਜੋਂ ਜਾਪਾਨ ਤੋਂ ਬਹੁਤ ਸਾਰੇ ਵਿਦਿਆਰਥੀ ਇਥੇ ਅੰਗਰੇਜ਼ੀ ਸਿੱਖਣ ਆਉਂਦ ਹਨੇ। ਹਰ ਵਿਦਿਆਰਥੀ $30000 ਡਾਲਰ ਖਰਚ ਕਰਕੇ ਵਾਪਸ ਪਰਤਦਾ ਹੈ। ਮੇਅਰ ਫਰਗੂਸਨ ਨੇ ਕਿਹਾ ਕਿਹਾ ਜਿਥੋਂ ਤਕ ਅੰਗਹੀਣ ਵਿਅਕਤੀਆਂ ਦੀਆਂ ਖੇਡਾਂ ਦਾ ਸੁਆਲ ਹੈ ਅਸੀਂ ਸਾਥੋਂ ਮੰਗੀ ਗਈ ਸਹਾਇਤਾ ਦੇ ਰਹੇ ਹਾਂ।

ਸਰਕਾਰ ਦੇ ਨਵੇਂ ਐਲਾਨ ਨਾਲ ਐਬਟਸਫੋਰਡ ਵਿਚ ਪੈਣ ਵਾਲੇ ਪ੍ਰਭਾਵ

ਕੁੱਝ ਦਿਨ ਪਹਿਲਾਂ ਮੁੱਖ ਮੰਤਰੀ ਗੋਰਡਨ ਕੈਂਬਲ ਨੇ ਆਉਣ ਵਾਲੇ ਤਿੰਨ ਸਾਲਾਂ ਵਿਚ 12000 ਨੌਕਰੀਆਂ ਖਤਮ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਅਮਲ ਦਾ ਉਦੇਸ਼ ਐਂ.ਡੀ.ਪੀ. ਸਰਕਾਰ ਤੋਂ ਵਿਰਸੇ ਵਿਚ ਮਿਲਿਆ $3.8 ਮਿਲੀਅਨ ਦਾ ਸਟ੍ਰਕਚਰਲ ਖਸਾਰੇ ਨੂੰ ਪੂਰਾ ਕਰਨਾ ਹੈ। ਇਸ ਐਲਾਨ ਦੇ ਫਲਸਰੂਪ ਫ੍ਰੇਜ਼ਰ ਵੈਲੀ ਵਿਚ 1 ਅਪ੍ਰੈਲ ਤੋਂ ਕਾਰੋਨਰ ਦਾ ਦਫਤਰ ਬੰਦ ਹੋ ਜਾਵੇਗਾ। 31 ਮਈ ਤੋਂ ਇੰਡਸਟਰੀ,ਟ੍ਰੇਨਿੰਗ,ਅਤੇ ਐਪਰੈਂਟਿਸਸ਼ਿਪ ਕਮਿਸ਼ਨ ਬੰਦ ਹੋ ਜਾਵੇਗਾ। ਕਾਰੋਨਰ ਸ਼ੱਕੀ ਮੌਤਾਂ ਆਦਿ ਦੀ ਤਫਤੀਸ਼ ਕਰਦਾ ਹੈ। ਇੰਡਦਸਟਰੀ,ਟ੍ਰੇਨਿੰਗ ਕਮਿਸ਼ਨ ਉਦਯੋਗ,ਹੁਨਰਾਂ ਦੀ ਸਿਖਲਾਈ,ਅਤੇ ਸਿਖਿਆਰਥੀਆਂ ਦੇ ਕੰਮਾਂ ਦੀ ਨਿਗਰਾਨੀ ਕਰਦਾ ਹੈ। ਉਚੇਰੀ ਵਿਦਿਆ ਦੇ ਮੰਤਰਾਲੇ ਦਾ ਕਹਿਣਾ ਹੈ ਕਿ ਐਪਰੈਂਟਿਸਸ਼ਿਪ ਟ੍ਰੇਨਿੰਗ ਫਿਰ ਵੀ ਪਹਿਲ ਦੇ ਆਧਾਰ ਤੇ ਜਾਰੀ ਰੱਖੀ ਜਾਵੇਗੀ। ਫ੍ਰੇਜ਼ਰਵੈਲੀ ਕਾਲਜ ਦੇ ਪ੍ਰਬੰਧਕਨਵੀਂ ਸਥਿਤੀ ਬਾਰੇ ਚਿੰਤਤ ਹਨ ਅਤੇ ਇਸ ਦਾ ਪੁਨਰ ਮੁੱਲੰਕਣ ਕਰ ਰਹੇ ਹਨ। ਵਰਕ ਸਟੱਡੀ ਅਤੇ ਟ੍ਰੇਨਿੰਗ ਸਹਾਇਤਾ ਸਮਾਪਤ ਹੋਣ ਨਾਲ ਵਿਦਿਆਰਥੀਆਂ ਨੂੰ ਮਾਲੀ ਮੁਸ਼ਕਲਾਂ ਪੇਸ਼ ਆਉਣਗੀਆਂ। ਮੁੱਖਮੰਤਰੀ ਦਾ ਕਹਿਣਾ ਇਹ ਹੈ ਕਿ ਵਿਗੜੀ ਆਰਥਿਕਤਾ ਨੂੰ ਸੁਧਾਰਨ ਲਈ ਹੋਰ ਕੋਈ ਰਾਹ ਨਹੀਂ ਸੀ।

ਮੁਫਤ ਕਾਨੂੰਨੀ ਸਲਾਹ ਅਤੇ ਸਹਾਇਤਾ ਕਲਿਨਿਕ ਖੁੱਲਣ ਲੱਗਾ

ਪ੍ਰਸਿੱਧ ਵਕੀਲ ਡਿਊਗਲਡ ਕ੍ਰਿਸਟੀ ਦਾ ਕਹਿਣਾ ਹੈ ਕਿ ਬਹੁਤ ਸਾਰੇ ਗਰੀਬ ਲੋਕ ਅਦਾਲਤ ਵਿਚ ਬਿਨਾ ਵਕੀਲ ਪੇਸ਼ ਹੁੰਦੇ ਹਨ ਅਤੇ ਆਪਣਾ ਪੱਖ ਚੰਗੀ ਤਰ੍ਹਾਂ ਪੇਸ਼ ਨਹੀਂ ਕਰ ਸਕਦੇ। ਵੈਸਟਰਨ ਕੈਨੇਡਾ ਸੋਸਾਇਟੀ ਵਲੋਂ ਐਸੇ ਕਾਨੂੰਨੀ ਕਲਿਨਿਕ ਸਥਾਪਿਤ ਕੀਤੇ ਗਏ ਹਨ ਜਿੱਥੇ ਗਰੀਬ ਲੋਕਾਂ ਨੂੰ ਕਾਨੂੰਨੀ ਸਲਾਹ ਅਤੇ ਸਹਾਇਤਾ ਦਿਤੀ ਜਾਂਦੀ ਹੈ। ਕ੍ਰਿਸਟੀ ਅਜਿਹੇ ਕਲਿਨਿਕ ਬਨਾਉਣ ਲਈ ਕਾਫੀ ਕੰਮ ਕਰ ਰਹੇ ਹਨ। ਐਬਟਸਫੋਰਡ ਵਿਚ ਵੀ ਅਜਿਹਾ ਕਲਿਨਿਕ ਬਣਾਇਆ ਗਿਆ ਹੈ ਅਤੇ ਮਿਸ਼ਨ ਵਿਚ ਵੀ ਛੇਤੀ ਹੀ ਖੁਲ੍ਹ ਜਾਵੇਗਾ। ਵਕੀਲ ਇਨ੍ਹਾਂ ਲੋਕਾਂ ਨਾਲ ਅਦਾਲਤ ਵਿਚ ਤਾਂ ਪੇਸ਼ ਨਹੀਂ ਹੁੰਦੇ ਪਰ ਉਨ੍ਹਾਂ ਨੂੰ ਆਪਣਾ ਕੇਸ ਆਪ ਪੇਸ਼ ਕਰਨ ਲਈ ਤਿਆਰੀ ਕਰਵਾਈ ਜਾਂਦੀ ਹੈ। ਐਬਟਸਫੋਰਡ ਵਿਚ ਇਹ ਕਲਿਨਿਕ ਹਰ ਮੰਗਲਵਾਰ ਨੂੰ 2-30 ਤੋਂ 5-30 ਵਜੇ ਤਕ ਖੁਲ੍ਹਾ ਰਹੇ ਗਾ। ਪੰਜ ਵਕੀਲ ਉਥੇ ਵਾਲੰਟੀਅਰ ਸੇਵਾ ਕਰਨਗਾ। ਕੋਈ ਵੀ ਲੋੜਵੰਦ ਵਿਅਕਤੀ ਇਸ ਬਾਰੇ ਹੋਰ ਜਾਣਕਾਰੀ ਲੈਣ ਲਈ ਵਕੀਲ ਬਿੱਲ ਹਿਊਜ਼ ਨੂੰ 604-859=7249 ਤੇ ਫੋਨ ਕਰ ਸਕਦਾ ਹੈ। ਉਹ ਐਬਟਸਫੋਰਡ ਕਲਿਨਿਕ ਦੇ ਕੋ-ਆਰਡੀਨੇਟਰ ਹਨ।

BATHINDA CULTURAL NIGHT

We are pleased to announce that a cultural night involving Bathinda *"bhaichara"* is being organized to provide an opportunity to reconnect with others from the same region. The cultural programs will cover a wide variety of programs, such as, giddha, bhangra, folk songs, and special programs for children and youth. We also hope that this special event will provide you with an excellent opportunity to develop new friendships.

Dinner and Cultural Program
GRAND TAJ BANQUET HALL
8388 - 128th STREET, SURREY, BC
ON: February 23rd (Saturday)
AT: 6:00 to 11:00 PM

We welcome you and your family members to become part of the cultural activities and organizing team to make it a memorable family event. For more information and tickets please contact:

ਬਠਿੰਡਾ ਸੱਭਿਆਚਾਰਕ ਰਾਤ

ਅਸੀਂ ਇਹ ਐਲਾਨ ਕਰਦੇ ਖੁਸ਼ੀ ਮਹਿਸੂਸ ਕਰਦੇ ਹਾਂ ਕਿ ਬੀਠੰਡਾ ਇਲਾਕੇ ਦੇ ਲੋਕਾਂ ਨੂੰ ਇਕ ਦੂਸਰੇ ਨਾਲ ਮਿਲਣ ਦੀ ਸਹੂਲਤ ਪਰਦਾਨ ਕਰਨ ਲਈ ਬਠਿੰਡਾ ਦੇ ਭਾਈਚਾਰੇ ਵਲੋਂ ਇਕ ਸਭਿਆਚਾਰਕ ਰਾਤ ਮਨਾਈ ਜਾ ਰਹੀ ਹੈ। ਭਿੰਨ-ਭਿਨ ਪ੍ਰਕਾਰ ਦੇ ਸੁਮੇਲ ਦੇ ਇਸ ਪ੍ਰੋਗਰਾਮ ਵਿਚ ਗਾਉਣ-ਵਜਾਉਣ, ਬੱਚਿਆਂ ਅਤੇ ਨੋਜਵਾਨਾਂ ਦੇ ਸਪੈਸ਼ਲ ਪ੍ਰੋਗਰਾਮ ਤੋਂ ਇਲਾਵਾ ਭੰਗੜਾ ਗਿੱਧਾ ਆਦਿ ਵੀ ਹੋਵੇਗਾ। ਅਸੀਂ ਇਹ ਵੀ ਆਸ ਕਰਦੇ ਹਾਂ ਕਿ ਇਸ ਸਮਾਗਮ ਰਾਹੀਂ ਸਾਨੂੰ ਸਭ ਨੂੰ ਨਵੇ ਦੋਸਤ ਮਿੱਤਰ ਬਣਾਉਣ ਦਾ ਸੁਭਾਗ ਮਿਲੇਗਾ



ਡਿਨਰ ਅਤੇ ਕਲਚਰਲ ਪ੍ਰੋਗਰਾਮ
ਗਰੈਂਡ ਤਾਜ ਬੈਂਕੁਇਟ ਹਾਲ
8388-128 ਸਟਰੀਟ, ਸਰੀ, ਬੀ.ਸੀ.
ਫਰਵਰੀ 23 (ਸ਼ਨਿਚਰਵਾਰ) 2002
ਸ਼ਾਮ 6.00 ਵਜੇ ਤੋਂ 11.00 ਵਜੇ ਤੱਕ

ਅਸੀਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਦੇ ਜੀਆਂ ਨੂੰ ਇਸ ਸਭਿਆਚਾਰਕ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਅਤੇ ਇਸ ਨੂੰ ਆਯੋਜਿਤ ਕਰਨ ਵਾਲੀ ਟੀਮ ਵਿਚ ਰਿੱਸਾ ਪਾਉਣ ਲਈ "ਜੀ ਆਇਆਂ" ਆਖਦੇ ਹਾਂ ਤਾਂ ਕਿ ਇਹੋ ਰਵਾਰਿਕ ਇਕੱਠ ਸੁਹਾਵਣਾ ਅਤੇ ਯਾਦਾਂ ਭਰਿਆ ਹੋ ਨਿਬੜੇ। ਇਸ ਸਬੰਧੀ ਹੋਰ ਜਾਣਕਾਰੀ ਲਈ ਇੰਨਾਂ ਸੱਜਣਾਂ ਨੂੰ ਸੰਪਰਕ ਕੀਤਾ ਜਾ ਸਕਦਾ ਹੈ।

Devinder Brar	604 556-4333	Balwinder Chahal	604 543-9109	Virpartap Sidhu	604 596-2261
Surinder Brar	604 603-4498	Jagrup Brar	604 764-7030	Satti Grewal	604 807-4508

ਨਾ ਘਰ ਦੇ ਰਹਾਂਗੇ, ਨਾ ਘਾਟ ਦੇ...

ਗੁਰਦੀਪ ਸਿੰਘ 'ਗਰੇਵਾਲ' ਐਬਟਸਫੋਰਡ

ਪੰਜਾਬੀਆਂ ਦੀ ਇਹ ਵਿਲੱਖਣਤਾ ਹੀ ਹੈ ਕਿ ਉਨ੍ਹਾਂ ਆਪਣਾ ਘਰ ਬਾਰ ਛੱਡ ਕੇ ਪਰਾਈ ਧਰਤੀ ਤੇ ਜਿੱਥੇ ਕਿਤੇ ਵੀ ਪੈਰ ਰੱਖਿਆ ਆਪਣੀ ਹਿੰਮਤ ਅਤੇ ਮਿਹਨਤ ਸਦਕਾ ਹਰ ਖੇਤਰ ਵਿਚ ਬੁਲੰਦੀਆਂ ਨੂੰ ਛੂਹਿਆ ਹੈ। ਚਾਹੇ ਉਹ ਧਾਰਮਿਕ ਖੇਤਰ ਹੋਣ ਭਾਂਵੇਂ ਰਾਜਨੀਤਿਕ। ਭਾਵੇਂ ਉਹ ਸਮਾਜਿਕ ਖੇਤਰ ਹੋਵੇ ਤੇ ਭਾਂਵੇਂ ਆਰਥਿਕ ਪਰ ਅਫਸੋਸ ਬਾਵਜੂਦ ਇਸ ਦੇ ਬਹੁਤੇ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨੂੰ ਧਰਮ ਤੇ ਸਭਿਆਚਾਰ ਨਾਲ ਜੋੜਨ ਵਿਚ ਅਸਫਲ ਰਹੇ ਹਨ। ਬੀਤੀ ਸਦੀ ਦੇ ਸੱਤਰੇਵਿਆਂ ਬਹੱਤਰਿਵਾਂ 'ਚ ਪੰਜਾਬ ਦੀ ਜ਼ਿਆਦਾਤਾਰ ਪੇਂਡੂ ਲੋਕ ਆਪਣੀ ਰੋਜ਼ੀ ਰੋਟੀ ਦੀ ਭਾਲ ਅਤੇ ਵਧੀਆ ਜੀਵਨ ਗੁਜਾਰਨ ਲਈ ਆਪਣੇ ਢੇਰ ਸਾਰੇ ਸੁਪਨੇ ਲੈ ਕੇ ਇਸ ਸਵਰਗ ਤੋਂ ਸੁੰਦਰ ਵਰਗੇ ਕੈਨੇਡਾ ਦੇਸ਼ ਆਏ ਸਨ। ਇਧਰ ਆ ਕੇ ਪਹਿਲਾਂ ਅੰਗਰੇਜ਼ੀ ਨਾ ਆਉਣ ਕਰਕੇ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਪਰ ਫਿਰ ਵੀ ਪੰਜਾਬੀਆਂ ਨੇ ਆਪਣੇ ਸੁਭਾਅ ਸਿਰੜੀ ਅਤੇ ਮਿਹਨਤੀ ਹੋਣ ਕਰਕੇ ਕਠਿਨ ਕੰਮ ਕੀਤੇ। ਲੱਕੜ੍ਹ ਮਿੱਲਾਂ 'ਚ ਆਰਿਆ ਤੇ 18-18 ਘੰਟੇ ਰੋਜਾਨਾ ਕਰੜੀ ਹੱਡ ਭੰਨਵੀਂ ਮਿਹਨਤ ਕੀਤੀ, ਗੱਲ ਕੀ ਉਹ ਹਰ ਔਖੇ ਤੇ ਔਖਾ ਕੰਮ ਕੀਤਾ। ਜਿਸ ਵਲ ਹੱਠੇ ਕੱਟੇ ਗੋਰੇ ਵੀ ਮੂੰਹ ਨੀਂ ਸੀ ਕਰਦੇ ਪਿੰਡ ਤੋਂ ਤੁਰਨ ਪਹੁੰਚੇ ਫਿਰ ਆਪਣੇ ਪਰਿਵਾਰਾਂ ਨੂੰ ਇਧਰ ਮੰਗਵਾਉਣ 'ਚ ਅਤੇ ਰੈਣ ਬਸੇਰੇ ਲਈ ਘਰ ਖਰੀਦਣ ਲਈ ਆਪਣੇ ਆਪ ਨੂੰ ਕੈਨੇਡਾ ਦੀਆਂ ਭੱਠੀਆਂ ਵਿਚ ਝੋਕਦੇ ਰਹੇ। ਉਸ ਸਮੇਂ ਹਰ ਕਿਸੇ ਦੇ ਮਨ ਵਿਚ ਇਹੋ ਸੀ ਕਿ ਬਾਹਰ ਜਾ ਕੇ ਕਰੜੀ ਮਿਹਨਤ ਕਰਕੇ ਚਾਰ ਛਿੱਲੜ੍ਹ ਕਮਾ ਕੇ ਆਰਥਿਕ ਪਖੋਂ ਸੌਖੇ ਹੋ ਜਾਵਾਂਗੇ ਅਤੇ ਬੱਚੇ ਵੀ ਪੜ੍ਹ ਲਿਖ ਕੇ ਚੰਗੀਆਂ ਜੌਬਾਂ ਤੇ ਲੱਗ ਜਾਣਗੇ। ਬੱਚਿਆਂ ਦੇ ਵਿਆਹ ਕਰ ਦੇਵਾਂਗੇ ਅਤੇ ਬੱਚਿਆਂ ਨੂੰ ਇੱਥੇ ਸੈਟ ਕਰਕੇ ਆਪਣੀ ਜ਼ਿੰਦਗੀ ਦੇ ਆਖਰੀ ਪਲ ਮੁੜ ਪੰਜਾਬ 'ਚ ਆਪਣੇ ਤੂਤਾਂ ਵਾਲੇ ਖੂਹ ਤੇ ਮੰਜਾ ਡਾਹ ਕੇ ਆਰਾਮ ਨਾਲ ਢੋਲੇ ਦੀਆਂ ਵਾਰਾਂ ਗਾਇਆ ਕਰਾਂਗੇ ਕਿਉਂਕਿ ਹਰ ਮਨੁੱਖ ਆਪਣੀ ਸੋਚ ਦੇ ਘੋੜੇ ਭਜਾ ਕੇ ਆਉਣ ਵਾਲੇ ਭਵਿਖ ਲਈ ਕਈ ਕੁਝ ਸੋਚਦਾ ਰਹਿੰਦਾ ਹੈ।

ਉਸ ਅਕਾਲ ਪੁਰਖ ਨੂੰ ਭੁੱਲ ਕੇ ਆਪਣੀ ਸੋਚ ਤੇ ਹੀ ਨਿਰਭਰ ਕਰਨ ਲਗ ਪੈਂਦਾ ਹੈ ਪਰ ਸਮਾਂ ਬਦਲਦੇ ਦੇਰ ਨਹੀਂ ਲੱਗਦੀ। ਬੱਚੇ ਸਕੂਲਾਂ 'ਚ ਪੜ੍ਹਨ ਲੱਗ ਪਏ, ਮੀਆਂ ਬੀਵੀ ਦੋਵੇਂ ਕੰਮ ਕਰਨ ਲੱਗ ਪਏ ਅਤੇ ਡਾਲਰਾਂ ਦੀ ਰੌਸ਼ਨੀ ਨੇ ਕਈਆਂ ਦੀਆਂ ਤਾਂ ਅੱਖਾਂ ਚੁੰਧਿਆ ਦਿੱਤੀਆਂ। ਬੱਚਿਆਂ ਵਲ ਉਕਾ ਹੀ ਧਿਆਨ ਨਾ ਦਿੱਤਾ, ਮਕਾਨ ਦੀ ਮਾਰਗੇਜ਼ ਅਤੇ ਥੱਬਾ ਸਾਰਾ ਬਿੱਲਾਂ ਦੀ ਅਦਾਇਗੀ ਲਈ ਕੰਮ ਤੋਂ ਇਲਾਵਾ ਓਵਰ ਟਾਈਮ ਵੀ ਲਾਉਣਾ ਪੈਂਦਾ ਸੀ। ਮਾਪਿਆਂ ਨੇ ਆਪਣੇ ਬੱਚਿਆਂ ਦੇ ਚੰਗੇ ਭਵਿਖ ਲਈ ਆਪਣੀ ਜਵਾਨੀ ਦੇ ਦਿਨ ਖੋਤੇ ਵਾਂਗ ਕੰਮ ਕਰਕੇ ਬਤੀਤ ਕਰ ਦਿੱਤੇ। ਜੇ ਮਨੁੱਖ ਦੀ ਕਿਸਮਤ ਵਿਚ ਸੁਖ ਲਿਖਿਆ ਹੈ ਤਾਂ ਹਰ ਹਾਲਤ 'ਚ ਮਿਲਦਾ ਨਹੀਂ ਤਾਂ ਧੱਕੇ ਈ ਖਾਣੇ ਪੈਂਦੇ ਨੇ। ਕਹਿਣ ਨੂੰ ਆਪਾਂ ਜੋ ਮਰਜੀ ਦਮਗਜ਼ੇ ਮਾਰੀਏ ਪਰ ਜ਼ਿਆਦਾਤਾਰ ਪੰਜਾਬੀ ਪਰਿਵਾਰਾਂ ਵਲੋਂ 18-18 ਘੰਟੇ ਕੰਮ ਕਰਕੇ ਇਨਾਂ ਬੱਚਿਆਂ ਲਈ ਵਧੀਆ ਮਕਾਨ ਖਰੀਦੇ ਗਏ ਅਤੇ ਪੜ੍ਹਾ ਲਿਖਾ ਕੇ ਜਵਾਨ ਕੀਤਾ। ਪਰ ਗੰਗਾ ਉਲਟੀ ਹੀ ਵਹਿ ਤੁਰੀ, ਮਾਪਿਆਂ ਨੂੰ ਭਾਰੀ ਮਿਹਨਤ ਕਰਕੇ ਆਪਣੀ ਔਲਾਦ ਲਈ ਬਹੁਤ ਪਾਪੜ ਵੇਲਣੇ ਪਏ। ਬੱਚਿਆਂ ਨੂੰ ਆਪਣੇ ਮਾਂ ਬਾਪ ਦੇ ਖਰੀਦੇ ਮਕਾਨ ਮਿਲ ਰਹੇ ਹਨ, ਕਈਆਂ ਦੀ ਮਾਰਗੇਜ਼ ਫਰੀ ਹੈ, ਨਾ ਪੇਮੈਂਟਾਂ ਦਾ ਫਿਕਰ ਨਾ ਬਿਲਾਂ ਦਾ, ਕਈ ਤਾਂ ਬੀ.ਐਮ.ਡਬਲਿਯੂ, ਕਾਰਾਂ ਲਈ ਫਿਰਦੇ ਹਨ। ਕਈ ਤਾਂ ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਇੰਨੇ ਆ ਚੁੱਕੇ ਹਨ ਕਿ ਕਿਸੇ ਦੀ ਪ੍ਰਵਾਹ ਨਹੀਂ ਕਰਦੇ। ਕਈਆਂ ਨੇ ਗੋਰੀਆਂ ਕੁੜੀਆਂ ਆਪਣੀਆਂ ਗਰਲ ਫਰੈਂਡਾਂ ਬਣਾ ਰੱਖੀਆਂ ਹਨ। ਕਈਆਂ ਨੂੰ ਜਿਨਾਂ ਕਦੇ ਮਦਰੱਸੇ ਦਾ ਮੂੰਹ ਨਹੀਂ ਵੇਖਿਆ ਹੁੰਦਾ ਪੰਜਾਬ ਦੇ ਅਖਬਾਰਾਂ 'ਚ ਐਡ ਦੇ ਕੇ ਕਿ ਕੈਨੇਡੀਅਨ ਚਾਹੀਏ, ਲੜਕੀਆਂ ਵਾਲਿਆਂ ਦਾ ਤਾਤਾ ਲੱਗ ਜਾਂਦਾ। ਦਹੇਜ ਵੀ ਰੱਜ ਕੇ ਦਿੱਤਾ ਜਾਂਦਾ ਅਤੇ ਅਨਪੜ੍ਹ ਕੈਨੇਡੀਅਨ ਦੇ ਲੜ ਪੜ੍ਹੀਆਂ ਲਿਖੀਆਂ ਲੜਕੀਆਂ ਲਾ ਦਿੱਤੀਆਂ ਜਾਂਦੀਆਂ ਹਨ। ਕਈ ਵਿਚਾਰੀਆਂ ਜਦੋਂ ਇਧਰ ਨਵੀਂਆਂ ਨਵੀਂਆਂ ਆਉਂਦੀਆਂ ਹਨ ਤੇ ਜਦੋਂ ਉਨ੍ਹਾਂ ਦੇ ਪਤੀ ਪਰਮੇਸਰ ਰਾਤਾਂ ਪੱਬਾਂ ਕਲੱਬਾਂ 'ਚ ਗੁਜ਼ਾਰਦੇ ਹਨ ਤਾਂ ਉਹ ਦੁਖੀ ਹੋ ਕੇ ਆਪਣੀ ਕਿਸਮਤ ਨੂੰ ਕੋਸਦੀਆਂ ਹਨ। ਕਈ ਕੁੜੀਆਂ ਆਪਣੇ ਮਾਂ ਬਾਪ ਦੀ ਇੱਜ਼ਤ ਨੂੰ ਮੁੱਖ ਰੱਖ ਕੇ ਗਲ ਪਿਆ ਢੋਲ ਵਜਾਈ ਜਾਂਦੀਆਂ ਹਨ। ਅੱਜ 80 ਪ੍ਰਤੀਸ਼ਤ ਪੰਜਾਬੀ ਮਾਪੇ ਪੰਜਾਬੀ ਕਹਾਵਤ ਕਿ "ਇੱਕ ਕਮਲੀ ਦੂਜੀ ਪੈ ਗਈ ਸਿਵਿਆਂ ਦੇ ਰਾਹ" ਭਾਵ ਇੱਕ ਅਸੀਂ ਉਸ ਦੇਸ ਵਿਚ ਹਾਂ ਜਿੱਥੇ ਪੱਛਮੀ ਸੱਭਿਅਤਾ ਦਾ ਹੜ ਆਇਆ ਹੋਇਆ ਹੈ, ਅੰਗਰੇਜ਼ੀ ਸਕੂਲਾਂ ਵਿੱਚ ਬੱਚਿਆਂ ਨੂੰ ਕਾਮ ਵਿਦਿਆ ਪੜ੍ਹਾਈ ਜਾਂਦੀ ਹੈ। ਬੱਚੇ ਟੀ.ਵੀ. ਵੇਖਦੇ ਸੜਕਾਂ ਤੇ ਬਸ ਅੱਡਿਆਂ ਤੇ ਜਿਧਰ ਵੀ ਵੇਖੋ ਭਾਰਤੀ ਸਭਿਅਤਾ ਮੁਤਾਬਕ ਇਸ ਨੂੰ ਗੰਦ ਘੁਲਦਾ ਹੀ ਕਿਹਾ ਜਾ ਸਕਦਾ ਹੈ।ਘਰਾਂ 'ਚ ਬੱਚੇ ਪੰਜਾਬੀ ਨਹੀਂ ਬੋਲਦੇ ਅਤੇ ਮਾਪਿਆਂ ਨੂੰ ਪੂਰੀ ਅੰਗਰੇਜ਼ੀ ਨੀਂ ਸਮਝ ਆਉਂਦੀ, ਇਸ ਨਾਲ ਘਰ ਦਾ ਮਾਹੌਲ ਵਿਗੜਨਾ ਸ਼ੁਰੂ ਹੋ ਜਾਂਦਾ ਹੈ। ਰਹੀ ਗਲ ਅਜੋਕੇ ਵਿਆਹਾਂ ਦੀ ਹਾਲ ਬੁੱਕ ਕਰਕੇ ਪਾਰਟੀ ਕਰਨ ਲਈ ਹਜ਼ਾਰਾਂ ਡਾਲਰ ਖਰਚੇ ਜਾਂਦੇ ਹਨ, ਪਾਰਟੀ ਤੇ ਚਲਦੇ ਗੀਤਾਂ ਤੇ ਸਭ ਲੋਕ ਭੰਗੜੇ ਵਿਚ ਸ਼ਮਿਲ ਹੋ ਕੇ ਨੱਚਦੇ ਹਨ। ਕੀ ਇਸ ਖੁਸ਼ੀ ਦੇ ਮੌਕੇ ਸ਼ਾਮਿਲ ਹੁੰਦੇ ਹਨ ਕਈ ਬੁੱਢੇ ਜਵਾਨ ਕੀ ਬੱਚੇ ਸਭ ਇਸ ਖੁਸ਼ੀ ਦੇ ਮੌਕੇ ਸ਼ਮਿਲ ਹੁੰਦੇ ਹਨ। ਕਈ ਬੁੱਢੇ ਉਸ ਸਮੇਂ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋਏ ਉਨਾਂ ਮੁੜ ਤੋਂ ਜਵਾਨ ਹੋਇਆਂ ਨੂੰ ਇਹ ਨਹੀਂ ਪਤਾ ਲੱਗਦਾ ਕਿ ਮੈਂ ਆਪਣੀ ਨੂੰਹ ਨਾਲ ਨੱਚਦਾਂ ਹਾਂ ਜਾਂ ਧੀ ਨਾਲ। ਉਸ ਪਿੜ ਵਿਚ ਸ਼ਰਮ ਹਯਾ ਖੰਭ ਲਾ ਕੇ ਉਡ ਗਈ ਪ੍ਰਤੀਤ ਹੁੰਦੀ ਹੈ, ਕੀ ਅਸੀਂ ਛੋਟੇ ਬੱਚਿਆਂ ਨੂੰ ਇਹ ਟਰੇਨਿੰਗ ਦੇ ਰਹੇ ਹੁੰਦੇ ਹਾਂ ਕਿ ਪਿਆਰੇ ਬੱਚਿਓ ਜੋ ਅਸੀਂ ਇਹ ਕਰ ਰਹੇ ਇਹੀ ਅਪਾਣੀ ਸਭਿਅਤਾ

ਜਦੋਂ ਅਸੀਂ ਡਾਲਰਾਂ ਦੇ ਲਾਲਚ 'ਚ ਇੱਕ ਘੰਟਾ ਵੀ ਕੰਮ ਨਹੀਂ ਛੱਡਣਾ ਚਾਹੁੰਦੇ ਬੱਚਿਆਂ ਕੋਲ ਬੈਠਣ ਦੀ ਥਾਂ ਅਸੀਂ ਤਾ ਪੱਬਾਂ ਕਲੱਬਾਂ ਵਿਚ ਸਮਾਂ ਗੁਜਾਰ ਦਿੰਦੇ ਹਾਂ ਤੇ ਪਿੱਛੋਂ ਕਹਿਣਾ ਬੱਚੇ ਤਾਂ ਜੀ ਸਾਡੇ ਕਹਿਣੇ ਨਹੀਂ ਲੱਗਦੇ। ਕਿੱਡੀ ਮੂਰਖਤਾ ਵਾਲੀ ਗੱਲ ਹੈ ਸਾਡੇ ਭਵਿੱਖ ਦੇ ਵਾਰਸ ਸੋਨੇ ਵਰਗੇ ਬੱਚੇ ਡਿਸਕੋ ਕਲੱਬਾਂ, ਸਕੂਲਾਂ, ਕਾਲਿਜਾਂ ਤੇ ਯੂਨੀਵਰਸਿਟੀ ਵਿਚ ਡਰੱਗਾਂ ਅਤ ਹੋਰ ਭੈੜੇ ਨਸ਼ੀਲੇ ਪਦਾਰਥਾਂ ਦੀ ਮਾਰ ਹੇਠ ਆ ਰਹੇ ਹਨ। ਇਹ ਪੁੰਗਰ ਰਹੀ ਫੁਲਵਾੜੀ ਦੇ ਕਈ ਕੀਮਤੀ ਫੁੱਲ ਸਿਗਰਟਾਂ ਦੇ ਧੂੰਏਂ ਨਾਲ ਸੜਦੇ। ਦੁਖਾਂਤਾਂ ਦੇਸੀ ਮਾਪਿਆਂ ਵਲੋਂ ਆਪਣੇ ਆਪ ਨੂੰ ਪੂਰੇ ਅੰਗਰੇਜ਼ ਬਣਾਉਣਾ, ਡਾਲਰਾਂ ਦੇ ਨਸ਼ੇਂਚ ਬੱਚਿਆਂ ਵਲ ਧਿਆਨ ਨਾ ਦੇਣਾ, ਘਰ ਦੇ ਮਾਹੌਲ ਨੂੰ ਅੰਗਰੇਜ਼ੀ ਫੈਸ਼ਨ ਬਣਾਉਣਾ ਆਦਿ ਹੈ। ਇਸ ਦੁਖਾਂਤ ਦੇ ਜ਼ਿਮੇਵਾਰ ਸਿਰਫ ਦੇਸੀ ਮਾਪੇ ਹੀ ਹਨ ਬਾਕੀ ਗੁਰੂ ਘਰਾਂ ਦੇ ਪ੍ਰਬੰਧਕਾਂ ਦਾ ਵੀ ਫਰਜ਼ ਬਣਦਾ ਕਿ ਪ੍ਰਬੰਧ ਸਿਰਫ ਗੋਲਕ ਤਕ ਹੀ ਸੀਮਤ ਨਹੀਂ। ਲੋੜ ਹੈ ਪਬਲਿਕ ਸਕੂਲ ਖੋਹਲਣ ਦੀ ਜਿੱਥੇ ਬੱਚੇ ਛੋਟੇ ਹੁੰਦੇ ਤੋਂ ਹੀ ਮਾਂ ਬੋਲੀ ਪੰਜਾਬੀ ਪੜ੍ਹ ਕੇ ਆਪਣੇ ਧਰਮ ਆਪਣੇ ਸਭਿਆਚਾਰ ਤੇ ਗੁਰਬਾਣੀ ਸਿੱਖ ਸਕਣ ਲੋੜ ਹੈ। ਸਪੋਰਟਸ ਜਿਮ ਬਣਾਉਣ ਦੀ ਜਿਥੇ ਬੱਚੇ ਆਪਣੇ ਆਪ ਨੂੰ ਸਰੀਰਕ ਤੌਰ ਤੇ ਤਕੜੇ ਬਣਾ ਸਕਣ। ਲੋੜ ਹੈ ਛੋਟੇ ਬੱਚਿਆਂ ਲਈ ਨਰਸਰੀਆਂ ਸਥਾਪਿਤ ਕਰਨ ਦੀ। ਲੋੜ ਹੈ ਵਧ ਤੋਂ ਵਧ ਗੁਰਮਿਤ ਕੈਂਪ ਆਯੋਜਿਤ ਕਰਨ ਦੀ, ਆਪ ਰੋਲ ਮਾਡਲ ਬਣ ਕੇ ਨਮੂਨਾ ਬਣਨਾ ਹੋਏਗਾ। ਪੰਜਾਬ ਤੋਂ ਆਉਂਦੇ ਪ੍ਰਚਾਰਕਾਂ ਨੂੰ ਚਾਹੀਦਾ ਕਿ ਮਨਘੜਤ ਅਤੇ ਚਟਪਟੀਆਂ ਰਾਮ ਕਹਾਣੀਆਂ ਸੁਣਾ ਕੇ ਹੀ ਨਾ ਡੰਗ ਟਪਾਇਆ ਕਰਨ, ਗੁਰੂ ਅਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਪ੍ਰਚਾਰ ਕਰਨ ਦੀ ਲੋੜ ਹੈ। ਸੋ ਅੱਜ ਲੋੜ ਹੈ ਕਿ ਪਹਿਲੀ ਪੀੜੀ ਹੱਥੋਂ ਨਿਕਲ ਚੁੱਕੀ ਹੈ, ਦੂਸਰੀ ਨੂੰ ਸੰਭਾਲਣ ਦੀ ਲੋੜ ਹੈ ਨਹੀਂ ਤਾਂ ਇਹ ਬੱਚੇ ਅਤੇ ਆਪਾਂ ਨਾ ਘਰੇ ਦੇ ਰਹਾਂਗੇ ਨਾ ਘਾਟ ਦੇ। ਇਸ ਦੁਖਦਾਈ ਮਸਲੇ ਵਲ ਆਪਾ ਸਾਰਿਆਂ ਨੂੰ ਧਿਆਨ ਦੇਣ ਦੀ ਲੋੜ ਹੈ, ਨਹੀਂ ਤਾਂ ਵਕਤੋਂ ਖੁੰਜੀ ਡੂੰਮਣੀ ਅਤੇ ਇੱਕ ਵਾਰ ਲੰਘਿਆ ਵੇਲਾ ਮੁੜ ਕੇ ਹੱਥ ਆਉਣਾ ਨਹੀਂ ਇਸ ਪਾਸੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਸਮਾਚਾਰ ਤੇ ਵਿਚਾਰ

ਜਾਗੀਰ ਸਿੰਘ ਗਿੱਲ

ਕੀ ਬੀ.ਜੇ.ਪੀ. 1997 ਵਾਲੀ ਜਿੱਤ ਕਾਇਮ ਰਖੇਗੀ

ਉਂਝ ਤਾਂ ਪੰਜਾਬ ਵਿਚ ਦੋ ਮੁੱਖ ਪਾਰਟੀਆਂ ਹਨ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਜੋ ਰਾਜ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਮੌਜੂਦਾ ਹਾਲਤ ਵਿਚ ਦੋਵੇਂ ਇਸ ਯੋਗ ਨਹੀਂ ਕਿ ਇਕੱਲੀ ਇਕੱਲੀ ਪਾਰਟੀ ਰਾਜ ਦੀ ਵਾਗਡੋਰ ਸੰਭਾਲੇ ਅਤੇ ਰਾਜਸੀ ਸੇਧ ਦੇਵੇ। ਦੋਵਾਂ ਨੂੰ ਹੀ ਸਰਕਾਰ ਬਨਾਉਣ ਲਈ ਹਮਖਿਆਲ ਅਤੇ ਕਈ ਵਾਰ ਵਿਰੋਧੀ ਪਾਰਟੀਆਂ ਦਾ ਸਹਿਯੋਗ ਲੈਣਾ ਪੈਂਦਾ ਹੈ। ਹੁਣ ਕੇਂਦਰ ਅਤੇ ਬਹੁਤੇ ਰਾਜਾਂ ਵਿਚ ਰਾਜਨੀਤੀ ਵਿਚ ਕੁਲੀਸ਼ਨ ਕਲਚਰ ਪੈਦਾ ਹੋ ਗਿਆ ਹੈ। ਏਸੇ ਸੰਧਰਵ ਵਿਚ ਪੰਜਾਬ ਵਿਚ ਚੋਣਾਂ ਹੋਣ ਜਾ ਰਹੀਆਂ ਹਨ। 13 ਫਰਵਰੀ 2000 ਨੂੰ ਏਥੇ ਮੈਂ ਅਕਾਲੀ ਪਾਰਟੀ ਦੀ ਸਹਿਯੋਗੀ ਬੀ.ਜੇ.ਪੀ. ਬਾਰੇ ਹੀ ਗਲ ਕਰਾਂਗਾ ਕਿ ਕੀ ਉਹ 1997 ਵਲੀ ਆਪਣੀ ਪੇਸ਼ਕਾਰੀ ਅਤੇ ਪੁਜੀਸ਼ਨ ਬਹਾਲ ਰੱਖ ਪਾਏਗੀ ? ਪੰਜਾਬ ਵਿਚ ਪਹਿਲੀ ਵਾਰ 1967 ਵਿਚ ਅਕਾਲੀ ਦਲ ਅਤੇ ਉਸ ਦੇ ਸਮੇਂ ਜਨ ਸੰਘ ਦਾ ਗੱਠਜੋੜ ਹੋਇਆ ਕਿਉਂਕਿ 1966 ਵਿਚ ਪੰਜਾਬੀ ਸੂਬਾ ਬਣ ਚੁਕਿਆ ਸੀ ਅਤੇ ਜਨ ਸੰਘ ਦਾ ਇਕੋ ਇਕ ਏਜੰਡਾ ਪੰਜਾਬੀ ਅਤੇ ਪੰਜਾਬੀ ਸੂਬੇ ਦੀ ਵਿਰੋਧਤਾ ਹੀ ਸੀ ਸੋ ਖਤਮ ਹੋ ਗਈ ਅਤੇ ਕਾਂਗਰਸ ਦੀ ਵਿਰੋਧਤਾ ਹੀ ਸੀ ਸੋ ਖਤਮ ਹੋ ਗਈ ਅਤੇ ਕਾਂਗਰਸ ਦੀ ਸਤਾ ਤੋਂ 'ਮਨਾਪਲੀ' ਏਕਾ ਅਧਿਕਾਰ ਖਤਮ ਕਰਨ ਲਈ ਸਾਰੀਆਂ ਹੀ ਸਮੇਤ ਜਨ ਸੰਘ ਦੇ ਵਿਰੋਧੀ ਪਾਰਟੀਆਂ ਇਕ ਗਠਜੋੜ ਵਿਚ ਬੱਝ ਗਈਆਂ ਅਤੇ ਪਹਿਲੀ ਗੈਰ ਕਾਂਗਰਸ ਸਰਕਾਰ ਬਣਾਈ।ਗੁਰਨਾਮ ਸਿੰਘ ਦੀ ਅਗਵਾਈ ਵਿਚ। 1967 ਤੋਂ 1997 ਤਕ ਸਿਵਾਏ 1980 ਅਤੇ 1992 ਦੀ ਚੋਣ ਦੇ ਜਨ ਸੰਘ (ਭਾਰਤੀ ਜਨਤਾ ਪਾਰਟੀ) ਚੋਣਾਂ ਵਿਚ ਅਕਾਲੀਆਂ ਨਾਲ ਸਾਂਝ ਰੱਖਦੀ ਆਈ ਹੈ।1967 ਦੀ ਚੋਣ ਵਿਚ ਜਨ ਸੰਘ ਦੇ 9 ਐਮ.ਐਲ.ਏ. ਸਨ। ਅਸੰਬਲੀ 104 ਮੈਬਰਾਂ ਦੀ ਸੀ।1969 ਵਿਚ 8 ਸੀਟਾਂ 9.8% ਪ੍ਰਾਪਤ ਕਰਕੇ ਜਿਤੀਆਂ ਅਤੇ 1972 ਵਿਚ ਜਨ ਸੰਘ ਨੂੰ ਕੋਈ ਸੀਟ ਨਹੀਂ ਮਿਲੀ ਅਤੇ ਵੋਟ 4.9% ਹੀ ਰਿਹ ਗਈ ਅਤੇ 1971 ਵਿਚ ਜਨ ਸੰਘ ਖਤਮ ਹੋ ਗਈ ਅਤੇ ਅਸੰਬਲੀ ਵਿਚ ਜਨਤਾ ਪਾਰਟੀ ਦੇ ਨਾਂ ਹੇਠਾਂ ਸੀਟਾਂ ਲੜੀਆਂ ਜੋ 25 ਪ੍ਰਾਪਤ ਕੀਤੀਆਂ ਇਨਾਂ ਵਿਚ ਅਕਾਲੀਆਂ ਨੂੰ ਛੱਡ ਕੇ ਜੰਤਾ ਦਲ ਸ਼ੋਸ਼ਲਿਸਟ ਵੀ ਸਨ। 1980 ਵਿਚ ਜੰਤਾ ਪਾਰਟੀ ਟੁੱਟ ਗਈ ਅਤੇ ਪੰਜਾਬ ਦੇ ਹਿੰਦੂ ਪ੍ਰਸਤਾਂ ਨੇ ਭਾਰਤੀ ਜੰਤਾ ਪਾਰਟੀ ਬਣਾ ਲਈ ਜਿਸ ਨੂੰ ਇਕ ਸੀਟ ਮਿਲੀ ਅਤੇ ਵੋਟ 6.4% ਵੋਟਾਂ ਪ੍ਰਾਪਤ ਹੋਈਆਂ 1985 ਵਿਚ 4 ਐਮ.ਐਲ.ਏ ਜਿੱਤੇ 4.4% ਮਿਲੀ। 1992 ਵਿਚ ਜਦੋਂ ਅਕਾਲੀਆਂ ਨੂੰ ਚੋਣ ਬਾਈਕਾਟ ਕੀਤੀ ਸੀ ਚੋਣਾਂ ਦਾ ਕੁੱਲ 23.4% ਪੋਲ ਹੋਈਆਂ ਵੋਟਾਂ ਦਾ 16.65% ਪ੍ਰਾਪਤ ਕੀਤਾ ਅਤੇ 6 ਸੀਟਾਂ ਜਿਤੀਆਂ 67 ਸਟਿਾਂ ਲੜੀਆਂ ਸਨ। 1997 ਵਾਲੀ ਪੰਜਾਬ ਵਿਧਾਨ ਸਭਾ ਵਿਚ ਅਕਾਲੀ ਦਲ ਨਾਲ ਗਠਜੋੜ ਕਰਕੇ ਲੋਕ ਸਭਾ ਦੀਆਂ 23 ਸੀਟਾਂ ਲੜੀਆਂ ਅਤਤੇ 18 ਜਿਤੀਆਂ। ਕੀ ਹੁਣ ਬੀ.ਜੇ.ਪੀ . ਦੀ ਪੁਜੀਸ਼ਨ ਸੁਧਰੇਗੀ ਜਾਂ ਇਸ ਤੋਂ ਵੀ ਭੈੜੀ ਹੋ ਜਾਏਗੀ ?1996 ਵਿਚ ਪੰਜਾਬ ਬੀ.ਜੇ .ਪੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਕਰਕੇ ਤਿੰਨ ਸੀਟਾਂ ਗੁਰਦਾਸਪੁਰ ,ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਜਿਤ ਲਈਆਂ । ਇਸ ਵਿਚ ਪੈਂਦੀਆਂ 7 ਸ਼ਹਿਰੀ ਅਸੰਬਲੀ ਸੀਟਾਂ ਫੈਸਲਾ ਕੁਨ ਰੋਲ ਅਦਾ ਕੀਤਾ ਗਠਜੋੜ 43.88% ਵੋਟਾਂ ਪ੍ਰਾਪਤ ਕਰਕੇ 11 ਲੋਕ ਸਭਾ ਸੀਟਾਂ ਜਿੱਤ ਗਿਆ ਸੀ ,ਅਤੇ 80 ਅਸੰਬਲੀ ਸੀਟਾਂ ਵਿਚ ਬਹੁਮਤ ਉਤੇ ਸੀ ਇਸ ਦਾ ਅਰਥ ਹੈ ਕਿ ਇਹ ਗੱਠ ਜੋੜ ਭਾਵੇਂ ਸੀ ਲੋਕ ਸਭਾ ਸੀਟਾਂ ਜਿੱਤ ਗਿਆ ਪਰ ਅਸੰਬਲੀ ਹਲਕਿਆਂ ਵਿਚ ਗਿਣਤੀ ਅਨੁਸਾਰ ਘੱਟ ਗਿਆ । 1998 ਵਿਚ ਬੀ.ਜੇ.ਪੀ. ਦੇ ਤਿੰਨ ਲੋਕ ਸਭਾ ਦੇ 27 ਅਸੰਬਲੀ ਹਲਕਿਆਂ ਵਿਚ ਕਾਂਗਰਸ ਨੂੰ ਵੱਧ ਵੋਟਾਂ ਮਿਲੀਆਂ ਅਤੇ 11 ਹਲਕਿਆਂ ਵਿਚ ਬੀ.ਜੇ.ਪੀ ਅੱਗੇ ਸੀ ।

ਕਾਂਗਰਸ ਤੇ 1999 ਵਿਚ 11 ਵਿਚੋਂ ਲੋਕ ਸਭਾ ਦੀਆਂ 8 ਸੀਟਾਂ ਜਿੱਤੀਆਂ 38.19% ਵੋਟਾਂ ਪ੍ਰਾਪਤ ਕਰਕੇ ਵਿਧਾਨ ਸਭਾ ਦੇ 66 ਹਲਕਿਆਂ ਵਿਚ ਅਕਾਲੀ ਦਲ ਬੀ.ਜੇ. ਪੀ.ਗਠਜੋੜ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਅਕਾਲੀ ਦਲ ਨੂੰ 22 ਵਿਧਾਨ ਸਭਾ ਦੇ ਹਲਕਿਆਂ ਵਿਚ ਬੜਤ ਸੀ ਅਤੇ ਬੀ.ਜੇ.ਪੀ. ਦੀ 11 ਹਲਕਿਆਂ ਵਿਚ ।ਕਾਂਗਰਸ ਦੀ ਸਹਿਯੋਗੀ ਪਾਰਟੀ ਸੀ.ਪੀ.ਆਈ ਨੇ ਬਠਿੰਡਾ ਲੋਕ ਸਭਾ ਸੀਟ ਜਿੱਤ ਲਈ ਸੀ ।ਜਿਥੇ ਅਕਾਲੀ ਦਲ ਨੂੰ ਕੇਵਲ ਇਕ ਹਲਕੇ ਵਿਚ ਬੜਤ ਮਿਲੀ ।28 ਸ਼ਹਿਰੀ ਵਿਧਾਨ ਸਭਾਈ ਹਲਕਿਆਂ ਵਿਚ ਕਾਂਗਰਸ ਨੂੰ 22 ਹਲਕਿਆਂ ਵਿੱਚ ਬੜਤ ਸੀ ਅਤੇ 50.5% ਵੋਟਾਂ ਨਾਲ ਸਾਰੇ 28 ਹਲਕਿਆਂ ਵਿਚ ਅਕਾਲੀ ਗਠਜੋੜ ਨੂੰ ਕੇਵਲ 29.42% ਵੋਟ ਪ੍ਰਾਪਤ ਹੋਏ । ਬੀ.ਜੇ.ਪੀ. ਸੱਤ ਸ਼ਹਿਰੀ ਸੀਟਾਂ ਜੋ ਜੇਤੂ ਤਿੰਨ ਲੋਕ ਸਭਾਈ ਹਲਕਿਆਂ ਵਿਚ ਪੈਂਦੀਆਂ ਹਨ ਵਿਚੋਂ 5 ਬੀ.ਜੇ.ਪੀ. ਨੇ ਜਿਤੀਆਂ ਹੋਈਆਂ ਸਨ ਇਨਾਂ ਵਿਚ ਵੀ 1999 ਵਿਚ ਕਾਂਗਰਸ 4 ਸੀਟਾਂ ਉਤੇ ਅੱਗੇ ਸੀ । ਉਪਰੋਕਤ ਸਰਵੇਖਣ ਦੱਸਦਾ ਹੈ ਕਿ ਸ਼ਹਿਰੀ ਸੀਟਾਂ ਵਿਚ ਬੀ.ਜੇ.ਪੀ. ਦੇ ਪ੍ਰਭਾਵ ਵਿਚ ਕਾਫੀ ਕਮੀ ਆਈ ਹੈ । ਭਾਵੇ ਆਪਣੇ ਅਧਾਰ ਨੂੰ ਕਾਇਮ ਰੱਖਣ ਲਈ ਚੁੰਗੀਆਂ ਵੀ ਖਤਮ ਕਰਵਾਈਆਂ ਹੁਣ ਵੇਖਣ ਲਈ ਗਲ ਹੈ ਕਿ ਕੀ 2002 ਵਿਚ ਬੀ.ਜੇ.ਪੀ. ਆਪਣੀ ਪਹਿਲੀ ਪੁਜੀਸ਼ਨ ਬਹਾਲ ਰੱਖ ਸਕੇਗੀ । ਰਾਜਸੀ ਹਲਕਿਆਂ ਅਨੁਸਾਰ ਤਾਂ ਇਸ ਸਮੇਂ ਬੀ.ਜੇ.ਪੀ.4 ਸੀਟਾਂ ਹੀ ਜਿੱਤਣ ਦੀ ਪੁਜੀਸ਼ਨ ਵਿਚ ਹੈ ।

ਦੁਆਬੇ ਵਿਚ ਦਿਲਚਸਪ ਚੋਣ ਮੁਕਾਬਲੇ ਕਾਂਗਰਸ ਲਈ ਆਸਾਨ ਕਈ ਸੀਟਾਂ

ਜਲੰਧਰ:- ਜਿਲਾ ਜਲੰਧਰ ਪੰਜਾਬ ਦਾ ਮਹੱਤਵਪੂਰਨ ਜਿਲਾ, ਦੁਆਬੇ ਦਾ ਦਿਲ ਅਤੇ ਰਵਾਇਤੀ ਤੌਰ 'ਤੇ ਕਾਂਗਰਸ ਦਾ ਗੜ ਜਿਸ ਨੇ ਕਾਂਗਰਸ ਵਿਰੋਧੀ ਲਹਿਰ ਸਮੇਂ ਵੀ 14 ਸੀਟਾਂ ਵਿਚੋਂ 4 ਕਾਂਗਰਸ ਦੇ ਪਲੇ ਪਾਈਆਂ ਅਤੇ ਪੰਜਵੀਂ ਆਦਮਪੁਰ 1998 ਵਿਚ ਅਕਾਲੀ ਦਲ ਤੋਂ ਹਥਿਆ ਲਈ ਕੇਵਲ ਛੇ ਵੋਟਾਂ ਨਾਲ ਪਰ ਇਸਦਾ ਮਹੱਤਵ ਬਹੁਤ ਸੀ, ਕਾਂਗਰਸ ਤੇ ਅਕਾਲੀਆਂ ਲਈ, ਇਸ ਪਿਛੋਂ ਜਿਨੀਆਂ ਵੀ ਜ਼ਿਮਨੀ ਚੋਣਾਂ ਹੋਈਆਂ ਸਾਰੀਆਂ ਹੀ ਬਾਦਲ ਸਾਹਿਬ ਨੇ ਭਾਰੀ ਬਹੁਗਿਣਤੀ ਵਿਚ ਜਿਤਕੇ ਲੋਕਾਂ ਨੂੰ ਹੈਰਾਨ ਕਰ ਦਿਤਾ। ਸਤਜਿਮਨੀ ਚੋਣਾਂ ਜੋ ਬਾਦਲ ਰਾਜ ਦੇ ਪੰਜ ਸਾਲ ਵਿਚ ਹੋਈਆਂ ਪੰਜ ਅਕਾਲੀ ਜਿਤੇ ਅਤੇ ਦੋ ਕਾਂਗਰਸੀ। ਇਸ ਜਿਲੇ ਵਿਚ ਜਿਥੇ ਅਕਾਲੀ ਕਾਂਗਰਸ ਦਾ ਪ੍ਰਭਾਵ ਹੈ ਕੁਝ ਬੈਲਟਾਂ ਵਿਚ ਬੀ.ਐਸ.ਪੀ. ਕਮਿਉਨਿਸਟ ਖਬੇ, ਸਜੇ ਅਤੇ ਐਮ.ਐਲ ਤਕ ਸਭ ਦਾ ਪ੍ਰਭਾਵ ਹੈ। ਏਥੇ ਬੀ.ਐਸ.ਪੀ. ਕਾਂਗਰਸ ਦਾ ਕੁਝ ਹਦ ਤਕ ਨੁਕਸਾਨ ਕਰ ਸਕਦੀ ਹੈ। ਉਥੇ ਪੰਥਕ ਉਮੀਦਵਾਰ ਏਨੇ ਪ੍ਰਭਾਵੀ ਨਹੀਂ ਜੋ ਬਾਦਲ ਦਲ ਦਾ ਨੁਕਸਾਨ ਕਰ ਸਕਣ। ਪੰਥਕ ਡੈਮੋਕਰੇਟਿਕ ਵਡਾਲਾ ਗਰੁਪ ਨੁਕਸਾਨ ਕਰ ਸਕਦਾ ਸੀ ਪਰ ਉਹ ਤਾਂ ਆਪ ਬਾਦਲ ਸਾਹਿਬ ਨਾਲ ਮੁਲਾਕਾਤਾਂ ਵਿਚ ਰੁਝਾ ਹੋਇਆ ਹੈ।

ਜਲੰਧਰ ਛਾਉਣੀ ਦੀ ਸੀਟ ਕਾਂਗਰਸ ਸਭ ਤੋਂ ਵਧ ਸੁਰੱਖਿਅਤ ਸਮਝਦੀ ਹੈ, ਏਥੇ ਮਰਹੂਮ ਮੁਖਮੰਤ੍ਰੀ ਬੇਅੰਤ ਸਿੰਘ ਦੀ ਪੁਤਰੀ ਗੁਰਕੰਵਲ ਕੌਰ ਕਾਂਗਰਸ ਦੀ ਉਮੀਦਵਾਰ ਤਾਂ ਹੈ ਪਰ ਏਥੇ ਵੀ ਵਿਰੋਧੀ ਸੁਰਾਂਭਾਂ ਸੁਣਾਈ ਦਿੰਦੀਆਂ ਹਨ। ਜਲੰਧਰ ਸਾਉਥ ਵਿਚ ਰਾਜ ਕੁਮਾਰ ਗੁਪਤਾ ਨਵਾਂ ਉਮੀਦਵਾਰ ਹੈ ਕਾਂਗਰਸ ਦਾ ਜੈਕਿਸ਼ਨ ਸੈਣੀ, ਸਾਬਕਾ ਮੰਤ੍ਰੀ, ਸ੍ਰੀ ਅਨਿਲ ਦਤਾ ਤੇ ਜਿੰਦਰ ਬਿਟੂ ਅਤੇ ਤਿਉੜੀਆਂ ਪਾਈ ਫਿਰਦੇ ਹਨ। ਉਨਾਂ ਨੇ ਰੋਸ ਪਤਰ ਭੇਜੇ ਹਨ ਹਾਈ ਕਮਾਂਡ ਨੂੰ। ਅਕਾਲੀ ਦਲ - ਬੀ.ਜੇ.ਪੀ. ਵਿਚ ਵੀ ਠੀਕ ਨਹੀਂ। ਜਲੰਧਰ ਛਾਉਣੀ ਸੀਟ ਉਤੇ ਪਰਮਜੀਤ ਪਰ ਰਾਏਪੁਰ ਨੂੰ ਟਿਕਟ ਮਿਲਿਆ ਹੈ ਅਕਾਲੀਆਂ ਦਾ ਜੋ ਕਿ ਬੀਬੀ ਜਾਗੀਰ ਕੌਰ ਦਾ ਭਰੋਸੇਯੋਗ ਸਮਝਿਆ ਜਾਂਦਾ ਹੈ। ਏਥੇ ਸੁਰਜੀਤ ਸਿੰਘ ਮਿਨਹਾਸ ਟਿਕਟ ਦੇ ਚਾਹਵਾਨ ਹਨ। ਜਲੰਧਰ ਕੇਂਦਰੀ ਵਿਚ ਭਾਵੇਂ ਮਨਮੋਹਨ ਕਾਲੀਆ ਬੀ.ਜੇ.ਪੀ. ਦਾ 20 ਹਜਾਰ ਵੋਟਾਂ ਦੇ ਫਰਕ ਨਾਲ 1997 ਵਿਚ ਜਿਤਿਆ ਸੀ ਪਰ ਹੁਣ ਉਹ ਹਾਲਾਤ ਨਹੀਂ ਰਹੇ ਬੀ.ਜੇ.ਪੀ ਦੇ ਹਕ ਵਿਚ, 1999 ਵਿਚ ਇਸੇ ਸੀਟ ਉਤੇ ਕਾਂਗਰਸ ਦੋ ਹਜਾਰ ਵੋਟਾਂ ਅਗੇ ਰਹੀ ਅਤੇ ਜਲੰਧਰ ਉਤਰੀ ਉਤੇ ਤਾਂ ਅਵਤਾਰ ਹੈਨਰੀ 1992 ਤੋਂ ਹੀ ਜੇਤੂ ਚਲੇ ਆ ਰਹੇ ਹਨ।

ਜਲੰਧਰ ਦਖਣੀ ਉਤੇ ਬੀ.ਜੇ.ਪੀ. ਨੇ ਸਿਟਿੰਗ ਐਮ.ਐਲ.ਏ ਭਗਤ ਚੁਨੀ ਲਾਲ ਦਾ ਮੁਕਾਬਲਾ ਮੁਹਿੰਦਰ ਸਿੰਘ ਕੇ.ਪੀ. ਨਾਲ ਜੋ ਕਿ ਕਾਂਗਰਸ ਵਿਰੋਧੀ ਲਹਿਰ ਦੇ ਬਾਵਜੂਦ 6 ਕੁ ਹਜਾਰ ਉਤੇ ਹੀ ਹਰਿਆ ਸੀ। ਇਸ ਵਾਰ ਸਥਾਪਤੀ ਵਿਰੋਧੀ ਲਹਿਰ ਵੀ ਹੈ ਅਤੇ ਭਰਿਸ਼ਟਾਚਾਰ ਵਿਰੋਧੀ ਵੀ, ਖਾਸ ਕਰਕੇ ਬੀ.ਜੇ.ਪੀ. ਦੇ ਕੇਂਦਰੀ ਨੇਤਾਵਾਂ ਦੇ ਕਿਰਦਾਰ ਦਾ ਅਸਰ ਵੀ ਪੈ ਰਿਹਾ ਹੈ। ਉਸਦੇ ਉਮੀਦਵਾਰਾਂ ਉਤੇ ਜਦੋਂ ਕਿ ਮਹਿੰਦਰ ਸਿੰਘ ਕੇ.ਪੀ. ਨੂੰ ਉਸ ਦੇ ਪਿਤਾ ਦਰਸ਼ਨ ਸਿੰਘ ਕੇ.ਪੀ. ਦੀ ਅਤਵਾਦ ਵਿਰੁਧ ਲੜੀ ਲੜਾਈ ਵਿਚ ਹੋਈ ਸ਼ਹਾਦਤ ਦੀ ਵਿਰਾਸਤ ਦਾ ਲਾਭ ਵੀ ਮਿਲ ਰਿਹਾ ਹੈ।

ਆਦਮਪੁਰ ਤੋਂ ਕੰਵਲਜੀਤ ਸਿੰਘ ਲਾਲੀ ਨੂੰ ਕਾਂਗਰਸ ਨੇ ਫੇਰ ਉਮੀਦਵਾਰ ਬਣਾਇਆ ਹੈ। ਜਦੋਂ ਕਿ ਬਾਦਲ ਦਲ ਨੇ ਜਲੰਧਰ ਇੰਪਰੂਵ ਮੈਂਟ ਟਰਸਟ ਦੇ ਚੇਅਰਮੈਨ ਸਰਬਜੀਤ ਸਿੰਘ ਮੱਕੜ ਨੂੰ ਟਿਕਟ ਦਿਤੀ ਹੈ।

ਨੂਰ ਮਹਿਲ ਵਿਚ ਕਾਂਗਰਸ ਨੇ ਗੁਰਬਿੰਦਰ ਸਿੰਘ ਅਟਵਾਲ ਦਾ ਮੁਕਾਬਲਾ ਗੁਰਦੀਪ ਸਿੰਘ ਭੁਲਰ ਐਮ.ਐਲ.ਏ. ਨਾਲ ਹੋਏਗਾ। ਅਟਵਾਲਾ 1997 ਵਿਚ ਭੁਲਰ ਹਥੋਂ 448 ਵੋਟਾਂ ਉਤੇ ਹੀ ਹਾਰਿਆਂ ਸੀ ਉਦੋਂ ਅਟਵਾਲ ਭੁਲਰ ਨੂੰ ਪਿਛੇ ਛਡਦਾ ਲਭਦਾ ਹੈ। ਫਿਲੌਰ ਤੋਂ ਸਰਵਨ ਸਿੰਘ ਮੰਤ੍ਰੀ ਦੀ ਚੌਧਰੀ ਸੰਤੋਖ ਸਿੰਘ ਨਾਲ ਟਕਰ ਹੈ। ਚੌਧਰੀ ਸੰਤੋਖ ਸਿੰਘ, ਚੌਧਰੀ ਜਗਜੀਤ ਸਿੰਘ ਦੇ ਭਰਾ ਹਨ। ਸਵਰਨ ਸਿੰਘ ਦੀ ਲੋਕਲ ਅਕਾਲੀ ਵਿਰੋਧਤਾ ਵੀ ਕਰ ਰਹੇ ਹਨ। ਅਜੀਤ ਸਿੰਘ ਕੁਹਾੜ ਉਸਦੀ ਵਿਰੋਧਤਾ ਕਰ ਰਿਹਾ ਹੈ। ਆਪ ਕੁਹਾੜ ਲੋਹੀਆ ਵਿਚ ਖਲੋਤਾ ਹੈ ਜਿਥੇ ਕਾਂਗਰਸ ਦੇ ਸਾਬਕਾ ਮੰਤ੍ਰੀ ਬ੍ਰਿਜ ਭੁਪਿੰਦਰ ਸਿੰਘ ਲਾਲੀ ਨਾਲ ਫਸਵਾਂ ਮੁਕਾਬਲਾ ਹੈ। ਭਾਂਵੇਂ ਏਥੇ ਰੁਸਿਆ ਕਾਂਗਰਸੀ ਹਰਬੰਸ ਸਿੰਘ ਚਾਂਦੀ ਗੁਸੇ ਵਿਚ ਹੈ। ਨਕੋਦਰ ਤੋਂ ਅਮਰਜੀਤ ਸਿੰਘ ਸਮਰਾ ਦੀ ਸੀਟ ਸੁਰੱਖਿਅਤ ਲਗਦੀ ਹੈ ਕਿਉਂਕਿ ਉਸਦਾ ਕਾਂਗਰਸ ਵਿਚ ਵੀ ਵਿਰੋਧ ਨਹੀਂ ਅਤੇ ਜਿਸ ਅਕਾਲੀ ਉਮੀਦਵਾਰ ਨਾਲ ਉਸਦਾ ਮੁਕਾਬਲਾ ਹੈ ਗੁਰਮੀਤ ਸਿੰਘ ਵਾਦੂਵਾਲ ਉਸਨੂੰ ਗੁਰਬਚਨ ਸਿੰਘ ਧੀਮਾਨ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੰਜਾਬ ਵਿਧਾਨ ਸਭਾ ਵਿਚ ਇਸਤਰੀ ਉਮੀਦਵਾਰ ਆਟੇ 'ਚ ਲੂਣ ਦੇ ਬਰਾਬਰ

ਕਿਥੇ ਗਏ ਕੌਮੀ ਤੇ ਇਲਾਕਾਈ ਪਾਰਟੀਆਂ ਦੇ ਨੇਤਾ ਜੋ ਲੋਕ ਸਭਾ,ਰਾਜ ਸਭਾ ਅਤੇ ਵਿਧਾਨ ਸਭਾਵਾਂ ਵਿਚ ਸਾਡੇ ਲੋਕਤੰਤਰ ਦੇ ਜਮਹੂਰੀ ਇਦਾਰਿਆਂ ਵਿਚ ਇਸਤਰੀਆਂ ਦੀ ਪ੍ਰਤੀਨਿਧਤਾ ਬਾਰੇ ਗਰਮ ਗਰਮ ਭਾਸ਼ਨ ਅਤੇ ਨਾਹਰੇ ਮਾਰਨ ਵਾਲੇ ਨੇਤਾ ਤੇ ਮੰਤਰੀ ਜੋ ਲੋਕ ਸਭਾ ਵਿਚ ਇਸਤਰੀਆਂ ਦੀ 33% ਪ੍ਰਤੀਨਿਧਤਾ ਦਾ ਰਾਮ ਰੌਲਾ ਪਾਉਂਦੇ ਸਨ ਅਤੇ ਅਜੇ ਤਕ ਬਿਲ ਪਾਸ ਨਹੀਂ ਕਰ ਸਕੇ । ਭਾਂਵੇ ਪੰਜਾਬ ਸਰਕਾਰ ਨੇ ਪਿੰਡਾਂ ਦੇ ਸਰਪੰਚਾਂ ਦੀਆਂ ਪਦਵੀਆਂ ਲਈ ਤਾਂ 33% ਸੀਟਾਂ ਰੀਜ਼ਰਵ ਕਰ ਦਿਤੀਆਂ ਹਨ। ਪਰ ਖੁਦ ਸ਼੍ਰੋਮਣੀ ਅਕਾਲੀ ਦਲ ਜੋ ਕਿ ਸਤਾਧਾਰੀ ਪਾਰਟੀ ਹੈ ਨੇ ਆਪਣੇ ਐਲਾਨ ਕੀਤੇ 92 ਉਮੀਦਵਾਰਾਂ ਦੀ ਸੂਚੀ ਵਿਚ ਕੇਵਲ ਚਾਰ ਇਸਤਰੀ ਉਮੀਦਵਾਰਾਂ ਨੂੰ ਟਿਕਟ ਦਿਤੀ ਹੈ। ਬੀਬੀ ਜਾਗੀਰ ਕੌਰ ਨੂੰ ਭੁਲੱਥ ਤੇ ਬੀਬੀ ਉਪਿੰਦਰਜੀਤ ਕੌਰ ਨੂੰ ਸੁਲਤਾਨਪੁਰ ਲੋਧੀ ਤੇ ਸਤਵੰਤ ਕੌਰ ਸੰਧੂ ਨੂੰ ਚਮਕੌਰ ਸਾਹਿਬ ਤੇ ਅਤੇ ਸ੍ਰੀ ਮਤੀ ਸਤਵਿੰਦਰ ਕੌਰ ਧਾਲੀਵਾਲ ਨੂੰ ਖੰਨੇ ਤੋਂ ਉਮੀਦਵਾਰ ਨਾਮਜ਼ਦ ਕੀਤਾ ਹੈ। ਪਰ ਸ਼ਾਮ ਚੁਰਾਸੀ ਤੇ ਮਹਿੰਦਰ ਕੌਰ ਜੋਸ਼ ਐਮ.ਐਲ.ਏ. ਨੂੰ ਕੋਰਾ ਜਵਾਬ ਦੇ ਦਿੱਤਾ ਇਸ ਵਾਰ ਇਹ ਸੀਟ ਬਸਪਾ ਮੋਰਚੇ (ਕੈਂਥ) ਗਰੁਪ ਨੂੰ ਅਕਾਲੀ ਦਲ ਨੇ ਛੱਡੀ ਹੈ ਅਤੇ ਬੰਗਾ ਵੀ ਪਰ ਲੱਗਦਾ ਹੈ ਕਿ ਦੋਵੀਂਥਾਂਵੀਂ ਮਰਦ ਉਮੀਦਵਾਰ ਹੀ ਬਸਪ ਮੋਰਚਾ ਉਤਰੇਗਾ। ਪਿਛਲੀ ਵਾਰ ਬਾਦਲ ਅਕਾਲੀ ਦਲ ਨੇ 6 ਇਸਤ੍ਰੀਆਂ ਨੂੰ ਟਿਕਟਾਂ ਦਿਤੀਆਂ ਸਨ। ਪਰ ਇਸ ਵਾਰ ਤਾਂ ਇਹ ਤਿੰਨ ਪ੍ਰਤੀਸ਼ਿਤ ਤੋਂ ਵੀ ਘਟ ਹੈ।

ਪੰਥਕ ਮੋਰਚੇ ਨੇ ਵੀ ਅਜੇ ਤਕ ਕਿਸੇ ਇਸਤ੍ਰੀ ਉਮੀਦਵਾਰ ਨੂੰ ਟਿਕਟ ਨਹੀਂ ਦਿਤਾ। ਸਭ ਤੋਂ ਵਧ ਹੈਰਾਨੀ ਸੀ.ਪੀ.ਆਈ. ਉਤੇ ਹੈ ਜਿਸ ਨੇ ਕਾਂਗਰਸ ਨਾਲ ਸਮਝੌਤੇ (ਗਠਜੋੜ) ਨਾਲ 11 ਸੀਟਾਂ ਲੜਨੀਆਂ ਹਨ, ਇਕ ਵੀ ਇਸਤ੍ਰੀ ਉਮੀਦਵਾਰ ਨਹੀਂ ਉਨਾਂ ਦੀ ਲਿਸਟ ਵਿਚ। ਸਭ ਪਾਰਟੀਆਂ ਨਾਲੋਂ ਵਧ ਇਹੀ ਪਾਰਟੀ ਇਸਤ੍ਰੀ ਹਕਾਂ ਦੀ ਰਾਖੀ ਦਾ ਰੌਲਾ ਪਾਉਂਦੀ ਹੁੰਦੀ ਹੈ। ਅਤੇ ਦਾਅਵਾ ਕਰਦੀ ਹੁੰਦੀ ਹੈ ਇਸਤ੍ਰੀ ਹਕਾਂ ਦੀ ਝੰਡਾ ਬਰਦਾਰ ਹੋਣ ਦਾ। ਕਾਂਗਰਸ ਪਾਰਟੀ ਨੇ ਭਾਂਵੇਂ 106 ਉਮੀਦਵਾਰਾਂ ਵਿਚੋਂ 13 ਇਸਤ੍ਰੀ ਉਮੀਦਵਾਰਾਂ ਨੂੰ ਟਿਕਟਾਂ ਦੇ ਕੇ ਇਸਤ੍ਰੀਆਂ ਵਰਗ ਨੂੰ ਨਿਵਾਜਿਆ ਹੈ ਪਰ ਇਹ ਕਾਫੀ ਨਹੀਂ ਹੈ ਇਕ ਕੌਮੀ ਪਾਰਟੀ ਲਈ ਜਿਸਦੀ ਪ੍ਰਧਾਨ ਵੀ ਇਸਤ੍ਰੀ ਹੈ ਸ੍ਰੀਮਤੀ ਸੋਨੀਆ ਗਾਂਧੀ। ਸ਼ਾਇਦ ਏਸੇ ਕਰਕੇ ਹੀ ਕਾਂਗਰਸ ਨੇ 12 ਪ੍ਰਤੀਸ਼ਿਤ ਟਿਕਟਾਂ ਇਸਤ੍ਰੀ ਵਰਗ ਨੂੰ ਪ੍ਰਧਾਨ ਕੀਤੀਆਂ ਹਨ। ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਨੇ ਤਾਂ 23 ਪ੍ਰਤੀਸ਼ਿਤ ਟਿਕਟਾਂ ਇਸਤ੍ਰੀਆਂ ਨੂੰ ਦੇਣ ਦਾ ਫੈਸਲਾ ਕੀਤਾ ਸੀ। ਜਾਪਦਾ ਹੈ ਕਿ ਧੜਲੇ ਅਤੇ ਧਕੇਦਾਰ ਮਰਦ ਉਨਾਂ ਦਾ ਹਿਸਾ ਘਟਾ ਗਏ। ਫਿਰ ਵੀ ਦੂਜੀਆਂ ਪਾਰਟੀਆਂ ਦੀ ਅਨੁਪਾਤ ਨਾਲੋਂ ਕਾਂਗਰਸ ਅਛੀ ਹੈ ਪਰ ਸ਼ਲਾਘਾ ਦੀ ਪਾਤਰ ਨਹੀਂ।

ਇਕੱਲੇ ਸੰਗਰੂਰ ਜਿਲੇ ਵਿਚ ਹੀ ਕਾਂਗਰਸ ਨੇ ਪੰਜ ਇਸਤ੍ਰੀ ਉਮੀਦਵਰਾਂ ਦੀ ਚੋਣ ਕੀਤੀ ਹੈ। ਪੰਜਾਬ ਦੀ ਪਹਿਲੀ ਇਸਤ੍ਰੀ ਮੁਖ ਮੰਤ੍ਰੀ ਰਾਜਿੰਦਰ ਕੌਰ ਭੁਠਲ ਐਮ.ਐਲ.ਏ. ਨੂੰ ਲਹਿਰਾ ਹਲਕੇ ਤੋਂ, ਬੀਬੀ ਹਰਚੰਦ ਕੌਰ ਸ਼ੇਰਪੁਰ, ਸ੍ਰੀਮਤੀ ਸੋਨੀਆ ਅਰੋੜਾ ਸੁਨਾਮ, ਸੁਰਿੰਦਰ ਕੌਰ ਬਾਲੀਆਂ ਭਦੌੜ ਤੇ ਮਿਸਜ ਰਜ਼ੀਆ ਸੁਲਤਾਨਾ ਨੂੰ ਮਲੇਰ ਕੋਟਲਾ ਤੋਂ ਕਾਂਗਰਸ ਪਾਰਟੀ ਦੀ ਟਿਕਟ ਦਿਤੀ ਗਈ ਹੈ। ਮਰਹੂਮ ਮੁਖ ਮੰਤ੍ਰੀ ਦੀ ਪੁਤਰੀ ਗੁਰਕੰਵਲ ਕੌਰ ਨੂੰ ਜਲੰਧਰ ਛਾਉਣੀ ਤੋਂ ਟਿਕਟ ਦਿਤੀ ਗਈ ਹੈ ਅਤੇ ਗੁਰਦਿਆਲ ਕੌਰ ਖੰਗੁੜਾ ਨੂੰ ਕਿਲਾ ਰਾਏਪੁਰ, ਜਗਦਰਸ਼ਨ ਕੌਰ ਨੂੰ ਧਰਮਕੋਟ, ਵਿਭਾ ਸਰਮਾ ਕੋਟ ਕਪੂਰਾ, ਸ੍ਰੀ ਮਤੀ ਸਲੀਮ ਸਹੀ ਬਨੂੜ, ਹਰਬੰਸ ਕੌਰ ਖੰਨਾ ਤੇ ਅਰੁਨ ਚੌਧਰੀ ਦੀਨਾ ਨਗਰ ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਹੈ।

ਪਿਛਲੀ ਵਾਰ 1997 ਵਿਚ ਕਾਂਗਰਸ ਨੇ 9 ਇਸਤ੍ਰੀ ਉਮੀਦਵਾਰਾਂ ਨੂੰ ਟਿਕਟ ਦਿਤੇ ਸਨ। ਹੁਣ 13 ਇਸਤ੍ਰੀ ਉਮੀਦਵਾਰਾਂ ਵਿਚੋਂ 12 ਨਵੇਂ ਚੇਹਰੇ ਸਨ। ਪਿਛਲੀ ਵਿਧਾਨ ਸਭਾ ਵਿਚ 54 ਇਸਤ੍ਰੀ ਉਮੀਦਵਾਰਾਂ ਨੇ ਚੋਣ ਲੜੀ ਸੀ ਜਿੰਨਾਂ ਵਿਚ 22 ਆਜ਼ਾਦ ਉਮੀਦਵਾਰ ਸਨ। ਭਾਰਤੀ ਜੰਤਾ ਪਾਰਟੀ ਨੇ ਪਿਛਲੀ ਵਾਰ ਦੋ ਇਸਤ੍ਰੀ ਉਮੀਦਵਾਰਾਂ ਨੂੰ ਟਿਕਟਾਂ ਦਿਤੀਆਂ ਸਨ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਅੰਮ੍ਰਿਤਸਰ ਹੈ ਬੀ.ਜੇ.ਪੀ. ਦੀ ਐਮ.ਐਲ.ਏ. ਅਤੇ ਸ੍ਰੀਮਤੀ ਰੂਪ ਰਾਨੀ ਦੀਨਾ ਨਗਰ ਤੋਂ, ਲਗਦਾ ਹੈ ਕਿ ਇਸ ਵਾਰ ਵੀ ਬੀ.ਜੇ.ਪੀ. ਦੇ ਦੋ ਇਸਤ੍ਰੀ ਉਮੀਦਵਾਰਾਂ ਤੋਂ ਵਧ ਨਹੀਂ ਹੋਣਗੀਆਂ।

ਸਾਹਿਤਕ ਪੰਨਾ

ਜਾਗੀਰ ਸਿੰਘ ਗਿੱਲ

ਸਾਲ ਨਵਾਂ

ਜਸਵੰਤ ਕੌਰ 'ਵਿਰਕ'

ਬੰਬ,ਪਟਾਕੇ,ਆਤਿਸ਼ਬਾਜ਼ੀ,
ਰਲ ਮਿਲ ਖੂਬ ਚਲਾਉਂਦੇ ਹਾਂ ।
ਹੱਸਦੇ, ਸੁਖਾਂ ਸੁਖਦੇ,
ਸਾਲ ਨਵਾਂ ਚੜਾਉਂਦੇ ਹਾਂ ।
ਭੇਦ ਭਾਵ ਸਭ ਛੱਡ ਕੇ ਸਾੜਾਂ,
ਪਿਆਰ ਦਾ ਬੁਣੀਏ ਜਾਲ ਨਵਾਂ !
ਹਾਸੇ ਖੁਸ਼ੀਆਂ ਲੈ ਕੇ ਆਵੇ,
ਸਭਨਾਂ ਲਈ ਇਹ ਨਵਾਂ ਸਾਲ ।
ਬੱਚਿਆਂ ਨੂੰ ਸਮੱਤ ਬਖਸ਼ੀ ਰੱਬਾ,
ਦਿਲ ਲਾ ਕੇ ਕਰਨ ਪੜਾਈ ।
ਇੱਜ਼ਤਤ ਦੇ ਨਾਲ ਰਹਿਣਾ ਸਿੱਖਣ,
ਸਿੱਖਣ ਕਰਨੀ ਨੇਕ ਕਮਾਈ ।
ਬੁਰੇ ਕੰਮਾਂ ਤੋਂ ਰਹਿਣ ਬੱਚ ਕੇ,
ਦਿਲ ਵਿਚ ਸੋਚਣ ਖਿਆਲ ਨਵਾਂ ।
ਪਿਆਰ ਮੁਹੱਬਤ ਮੁਕ ਗਈ ਸਾਰੀ,
ਆਇਆ ਕਿਹਾ ਜ਼ਮਾਨਾ ।
ਸੱਚ ਸ਼ਰੀਫ ਨੂੰ ਹੋਣ ਟਿੱਚਰਾਂ,
ਵਰਤਿਆ ਕਿਹਾ ਭਾਣਾ ।
ਨਫਰਤ ਦੇ ਵਿਚ ਸੜਦੀ ਦੁਨੀਆ,
ਦਿਲ ਵਿਚ ਭਰਦੇ ਪਿਆਰ ਨਵਾਂ ।
ਸੁਖ ਚੈਨ ਨਾਲ ਵਸੇ ਦੁਨੀਆਂ,
ਵਾ ਵਰੋਲੇ ਨਾ ਜੰਗ ਦੇ ਉਠਣ ।
ਸਾਰੀ ਉਮਰ ਸੁਲਗਦੇ ਆਪੇ,
ਗੱਭਰੂ ਪੁੱਤ ਜਿਨ੍ਹਾਂ ਦੇ ਮੁਕਣ ।
ਨਾ ਕਿਸੇ ਦੀਆਂ ਵੰਗਾਂ ਟੁਟਣ,
ਨਾ ਹੀ ਚੂੜਾ ਟੁਟੇ ਲਾਲ ਨਵਾਂ ।
ਪੁੱਤਰਾਂ ਬਾਝ ਅਧੂਰੇ ਮਾਪੇ,
ਮਾਪਿਆਂ ਬਾਝ ਨਾ ਕੋਈ ਪੁੱਛਦਾ ।
ਨਜ਼ਰ ਮਿਹਰ ਦੀ ਰੱਖੀਂ ਰੱਬਾ,
ਸਮਾਂ ਨਾ ਆਏ ਕੋਈ ਦੁਖਦਾ ।
ਜੁਦਾਈਆਂ ਦੇ ਪਲ ਵਧਦੇ ਜਾਵਣ,
ਆਏ ਜਦ ਸਾਲ ਨਵਾਂ ।
ਹਾਸੇ ਖੁਸ਼ੀਆਂ ਲੈ ਕੇ ਆਵੇ,
ਸਭਨਾਂ ਲਈ ਇਹ ਨਵਾਂ ਸਾਲ ।
ਹਰ ਸਾਲ ਛੱਡ ਜਾਂਦਾ ਹੈ,
ਕੁਝ ਯਾਦਾਂ ਆਪਣੇ ਪਿੱਛੇ ।
ਕੁਝ ਕੁ ਪਲ ਸੁਨਿਹਰੀ ਜਾਪਣ,
ਕੁਝ ਸੂਈਆਂ ਵਾਂਗਰ ਤਿੱਖੇ ।
ਜੋ 'ਲਿਖਿਆ' ਸੋ ਮਿਲਣਾ "ਵਿਰਕੇ",
ਬਦਲ ਨਹੀਂ ਸਕਦਾ ਸਾਲ ਨਵਾਂ ।
ਹਾਸੇ ਖੁਸ਼ੀਆਂ ਲੈ ਕੇ ਆਵੇ,
ਸਭਨਾਂ ਲਈ ਇਹ ਸਾਲ ਨਵਾਂ ।

ਗ਼ਜ਼ਲ

ਮਨਜ਼ੂਰ 'ਵਜ਼ੀਰਾਬਾਦੀ'

ਫਿਜ਼ਾ ਥਾਂ ਥਾਂ ਤੇ ਅਗ ਬਰਸਾ ਗਈ ਏ।
ਇਹ ਲਗਦਾ ਏ ਕਿਆਮਤ ਆ ਗਈ ਏ।
ਘਰਾਂ ਦੇ ਘਰ ਪਏ ਅਜ ਚੀਖਦੇ ਨੇ,
ਨਜ਼ਰ ਕਿਸਦੀ ਘਰਾਂ ਨੂੰ ਖਾ ਗਈ ਏ।
ਨਾ ਪਹਿਲਾਂ ਵਾਂਗ ਹੋਵੇ ਹਸ਼ਰ ਕਿਧਰੇ,
ਦੁਆ ਅਜ ਫਿਰ ਲਬਾਂ ਤੇ ਆ ਗਈ ਏ।
ਮਿਲੇਗਾ ਹੱਕ ਕਦੋਂ ਬੋਲਣ ਦਾ ਮੈਨੂੰ,
ਖਾਮੋਸ਼ੀ ਰੋਗ ਮੈਨੂੰ ਲਾ ਗਈ ਏ।
ਮਿਰਾ ਉਹਦਾ ਮਿਲਨਾ ਹੋਵੇਗਾ ਕਿਸਤਰ੍ਹਾਂ,
ਮਿਰੀ ਉਹਦੀ ਅਨਾ ਟਕਰਾ ਗਈ ਏ।
ਮਿਰੀ ਹਸਰਤ ਦੇ ਚਾਅ ਟੁੱਟਣ ਤੋਂ ਪਹਿਲਾਂ,
ਉਮੀਦ ਇਕ ਹੋਰ ਲਾਰਾ ਲਾ ਗਈ ਏ।
ਨਾ ਪੁਛ 'ਮਨਜ਼ੂਰ' ਅਜ ਮੁਸਕਾਨ ਉਹਦੀ,
ਭੁਲੇਖੇ 'ਤੇ ਭੁਲੇਖਾ ਪਾ ਗਈ ਏ।

ਕੋਈ ਗੱਲ ਕਰ

"ਜੀਵਨ" ਰਾਮਪੁਰੀ

ਕੋਈ ਗੱਲ ਕਰ ਸੋਨ ਸਵੇਰੇ ਦੀ,
ਤੇ ਸ਼ਾਹ ਨੂਰਾਂ ਦੇ ਘੇਰੇ ਦੀ ।
ਭੁੱਲ,ਮੋਹ ਦੀਆਂ ਨ੍ਹੇਰ ਗੁਫਾਵਾਂ ਨੂੰ ,
ਗਮ ਦੀਆਂ ਘਨਘੋਰ ਘਟਾਵਾਂ ਨੂੰ ,
ਜ਼ਿੰਦਗੀ ਦੀਆਂ ਕਟਕ ਖਿਜ਼ਾਵਾ ਨੂੰ,
ਭਰ ਝੋਲੀ ਸਜਰੇ ਖੇੜੇ ਦੀ ।
ਕੋਈ ਗੱਲ ਕਰ ਸੋਨ ਸਵੇਰੇ ਦੀ ।
ਛੱਡ ਦੁਖਾਂ ਦੀਆਂ ਹਕਾਇਤਾਂ ਨੂੰ,
ਗਿਲੇ,ਸ਼ਿਕਵੇ ਅਤੇ ਸ਼ਕਾਇਤਾਂ ਨੂੰ ,
ਪੜ੍ਹ ਹੱਕ ਤੇ ਸੱਚ ਦੀਆਂ ਆਇਤਾਂ ਨੂੰ ,
ਕੋਈ ਗੁਲਕਰ ਨੂਰ ਉਚੇਰੇ ਦੀ,
ਕੋਈ ਗੱਲ ਕਰ ਸੋਨ ਸਵੇਰੇ ਦੀ ।
ਛੱਡ ਰਾਹ ਅਕਲਾਂ,ਚਤੁਰਾਈਆਂ ਦਾ,
ਪੰਡਤਾਂ ਮੁੱਲਾਂ ਤੇ ਭਾਈਆਂ ਦਾ,
ਫੜ ਰਾਹ ਸਬਰਾਂ ਸੱਚਾਈਆਂ ਦਾ,
ਜੇ ਚਾਹੇਂ ਗੱਲ ਨਬੇੜੇ ਦੀ,
ਕੋਈ ਗੱਲ ਕਰ ਸੋਨ ਸਵੇਰੇ ਦੀ ।
ਜਾਤਾਂ ਮਜ਼ਬਾਂ ਦਾ ਝੇੜਾ ਕੀ?
ਸ਼ੁਭ ਅਮਲਾ ਬਿਨਾਂ ਨਿਬੇੜਾ ਕੀ ?
ਰੱਖ ਨਿਸਚਾ ਦਿਰੜ ਖੁਦਾਇਐ ਤੇ,
ਰੱਬ ਖੈਰ ਕਰੂ ਇਸ ਬੇੜੇ ਦੀ,
ਕੋਈ ਗੱਲ ਕਰ ਸੋਨ ਸਵੇਰੇ ਦੀ ।
ਰੱਬ ਦੀ ਰਹਿਮਤ,ਇਨਸਾਨ ਹੈ ਤੂੰ,
ਕਿਉਂ ਫਰਜ਼ਾਂ ਤੋਂ ਨਾਦਾਨ ਹੈ ਤੂੰ,
ਛੱਡ ਮੇਰ ਤੇਰ ਦੇ ਚੱਕਰ ਨੂੰ,
ਕੋਈ ਗੱਲ ਕਰ ਰੱਬ ਦੇ ਨੇੜੇ ਦੀ ,
ਕੋਈ ਗੱਲ ਕਰ ਸੋਨ ਸਵੇਰੇ ਦੀ ।
ਬਣ ਹੀਰ ਜੇ ਰਾਂਝਣ ਪਾਉਣਾ ਏਂ ,
ਸ਼ਾਹ ਬੁਲੇ ਯਾਰ ਮਨਾਉਣਾ ਏਂ,
ਸੁਤੀਆਂ ਕੀ ਕੰਤ ਰੀਝਾਂ ਉਣਾਏ ,
ਇਹ ਮੰਜ਼ਲ ਪਾਰ ਪਰੇਰੇ ਦੀ ।
ਕੋਈ ਗੱਲ ਕਰ ਸੋਨ ਸਵੇਰੇ ਦੀ,
ਤੇ ਸ਼ਾਹ ਨੂਰਾਂ ਦੇ ਘੇਰੇ ਦੀ ।

ਗ਼ਜ਼ਲ

ਅਲੀ ਮੁਹੰਮਦ ਮਲੂਕ

ਜਦੋਂ ਵੀ ਰੀਝਾਂ ਦਾ ਬਾਗ ਫੁੱਲਿਆ ਤਾਂ ਮੌਸਮ ਦੇ ਮਿਜ਼ਾਜ ਬਦਲੇ।
ਕੌਣ ਸਮਿਆਂ ਦੀ ਵਾਗ ਫੜਕੇ ਕਦੀਮ ਰਸਮੋਂ ਰਿਵਾਜ਼ ਬਦਲੇ।
ਖਿਜ਼ਾਂ ਨੇ ਰੁਖਾਂ ਦੇ ਜੁਸਿਆਂ ਤੋਂ ਜਾਂ ਸਬਜ ਬਾਣੇ ਦਾ ਨੂਰ ਖੋਹਿਆ,
ਤਾਂ ਪੱਤਾ ਪੱਤਾ ਸ਼ਹੀਦ ਹੋਇਐ ਸਿਰਫ ਗੁਲਸ਼ਨ ਦੀ ਲਾਜ ਬਦਲੇ।
ਪਰਾਨ ਤੋੜੇ ਨੇ ਤਨ ਦੇ ਸਾਰੇ ਕਹਿਤ ਕਹਿਰੀ ਨੇ ਕਹਿਰ ਕੀਤਾ,
ਕਿ ਮਾਂ ਨੇ ਬੱਚੇ ਵੀ ਵੇਚ ਖਾਧੇ ਨੇ ਦੋ ਦਿਨਾਂ ਦੇ ਅਨਾਜ ਬਦਲੇ।
ਮੁਆਸ਼ਰੇ ਵਿਚ ਕੀ ਲੋਭ ਵਾਲੀ ਇਹ ਰੀਤ ਤੁਰ ਪਈ 'ਮਲੂਕ' ਵੇਖੀ,
ਗਰੀਬ ਘਰ ਦੀ ਜਵਾਨ ਬੇਟੀ ਅਜਾਬ ਬਣ ਗਈ ਦਾਜ ਬਦਲੇ।

ਗ਼ਮ

ਬਲਦੇਵ ਸੁਖੀ 'ਰੋਡੇ'

ਹੰਢੇ ਲੱਖ ਸੰਤਾਪ ਨਾਂ ਪੈਰੀ ਪੀੜ ਮਨ,
ਤੇਰੀ ਇੱਕ ਜੁਦਾਈ ਦਿੱਤਾ ਗਾਲ ਤਨ,
ਹਰ ਪਲ ਯਾਦਾਂ ਹਰ ਪਲ ਪੀੜਾਂ ਪੁੰਗਰੀਆਂ,
ਮਿਲੇ 'ਸੁਖੀ' ਤਾਂ ਵਗਦੇ ਅੱਥਰੂ ਜਾਣ ਥੰਮ੍ਹ !

'ਇਤਿਹਾਸ'

ਸਪਿੰਦਰ ਕੌਰ "ਜਵੰਦਾ" ਸਰੀ

ਇੰਝ ਲੱਗਦਾ ਏ ਕਿ
ਇਤਿਹਾਸ ਇਕ ਵਾਰ ਫਿਰ
ਆਪਣੇ ਆਪ ਨੂੰ ਦੁਹਰਾਉਣ ਜਾ ਰਿਹਾ ਏ ਪਰ
ਅਸੀਂ ਤਾਂ ਅਜੇ ਤੱਕ ਪਹਿਲਾ ਇਤਿਹਾਸ ਨਹੀਂ ਭੁੱਲੇ
ਜਿਸ ਵਿਚ ਲੱਖਾਂ - ਨਿਰਦੋਸ਼
ਤੇ ਮਲਜ਼ੂਮ ਮੌਤ ਦੇ ਮੂੰਹ ਜਾ ਪਏ
ਕੀ ਨਵੀਂ ਸਦੀ 'ਚ ਵੀ ਉਹੋ ਹੀ ਰੌਲੇ ਨੇ?
ਕੀ ਸਾਡੇ ਵਿਚਾਰ ਇੰਨ੍ਹੇ ਹੀ ਹੌਲੇ ਨੇ?
ਇਹ ਤਾ ਸੱਚ ਏ ਕਿ
ਨਹੁੰਆਂ ਤੋਂ ਮਾਸ ਕਦੇ ਵੱਖ ਨਹੀਂ ਹੁੰਦਾ
ਫਿਰ ਇਹ ਸਰਹੱਦਾਂ ਦੇ ਝਗੜੇ ਕਿਉਂ?
ਜੋ ਸਾਡਾ ਏ ਉਹ ਸਾਡਾ ਰਹਿਣ ਦਿਉ
ਜੋ ਤੁਹਾਡਾ ਏ ਉਹ ਤੁਸੀਂ ਰੱਖੋ
ਅਸੀਂ ਤਾਂ ਸਦਾ ਵਸਦਾ ਪੰਜਾਬ ਚਾਹੁੰਦੇ ਹਾਂ
ਹਰ ਸ਼ੈਅ ਆਬਾਦ ਚਾਹੁੰਦੇ ਹਾਂ
ਸੱਚ ਹੁੰਦੇ ਵੇਖਣੇ ਖਾਬ ਚਾਹੁੰਦੇ ਹਾਂ।
ਐ ਇਤਿਹਾਸ
ਅਸੀਂ ਤੇਰੀ ਦੁਹਰਾਈ ਨਹੀਂ ਚਾਹੁੰਦੇ
ਸਾਡੇ ਵਿਚ ਇੰਨੀ ਹਿੰਮਤ ਨਹੀਂ
ਕਿ ਅਸੀਂ ਉਜੜਦੇ ਹੋਏ ਘਰ ਵੇਖੀਏ
ਰੁਲਦੇ ਹੋਏ ਸੁਹਾਗ ਵੇਖੀਏ
ਮਾਵਾਂ ਤੋਂ ਵਿਛੜਦੇ ਪੁੱਤ ਵੇਖੀਏ
ਪਹਿਲਾਂ ਹੰਢਾਏ ਹੋਏ ਦੁੱਖ ਵੇਖੀਏ।
ਐ ਖੁਦਾ
ਮੇਰੀ ਅਰਜ਼ੋਈ ਮਨਜ਼ੂਰ ਕਰੀਂ
ਕਿ 'ਇਤਿਹਾਸ' ਇਤਿਹਾਸ ਹੀ ਰਹੇ
ਕਦੀ ਵਰਤਮਾਨ ਨਾ ਬਣੇ।

ਮੈਂ ਵੀ ਹਾਂ ਇੱਕ ਸੁਪਨ-ਸਾਜ

"ਜੀਵਨ" ਰਾਮਪੁਰੀ

ਮੈਂ ਹਾਂ ਅਬਲਾ ਦਾ ਹੌਕਾ,
ਮੈਂ ਉਹਦੀਆਂ ਅੱਖਾਂ ਦਾ ਨੀਰ ।
ਬਿਲਕਦੇ ਮਾਸੂਮ ਦੀ,
ਲਾਚਾਰੀਆਂ ਦੀ ਹਾਂ ਮੈਂ ਧੀਰ ।
ਮੈਂ ਨਗਨ ਕੰਜਕ ਦਾ ਕੱਜਣ,
ਮੈਂ ਲੁੱਟੀ ਅਸ ਮਤ ਲਈ ਚੀਰ ।
ਇਕ ਦਿਨ ਮੁਕਣਗੇ ਪਾੜੇ,
ਇਕ ਦਿਨ ਹੋਊ ਨਵ-ਸਮਾਜ ।
ਮੈਂ ਵੀ ਹਾਂ ਇਕ ਸੁਪਨ ਸਾਜ ।
ਮੈਂ ਦਮਨ ਦੇ ਚੱਕਰਾਂ ਲਈ,
ਸਚ ਦੀ ਸ਼ਮਸ਼ੀਰ ਹਾਂ ।
ਲਤਾੜਿਆਂ ਦੇ ਹੱਕਾਂ ਖਾਤਰ,
ਸਚ ਦੀ ਤਕਰੀਰ ਹਾਂ ।
ਕੂੜ ਅਗਨੋ ਨਾ ਜਲੇ ਜੋ,
ਸਚ ਦੀ ਜ਼ਮੀਰ ਹਾਂ ।
ਇਕ ਦਿਨ ਮੁਕਣਗੇ ਨੂਰੇ,
ਹੋਊ ਸੱਚ ਚਾਨਣ ਦਾ ਗੱਜ ।
ਮੈਂ ਵੀ ਹਾਂ ਇਕ ਸੁਪਨ ਸਾਜ ।
ਘੁਲਦੇ ਘੁਲਦੇ ਹਾਰ ਜਾਣੈ,
ਦਮਨ ਦੀ ਸਰਕਾਰ ਨੇ ।
ਮੁੱਕਦੇ ਮੁਕਦੇ ਮੁੱਕ ਜਾਣੈ,
ਹਰ ਇਕ ਗੱਦੀਦਾਰ ਨੇ ।
ਵਧਦੇ ਵੱਧਦੇ ਵੱਧ ਜਾਣੈ,
ਮਾਨੁਖਤਾ ਅਧਿਕਾਰ ਨੇ ।
ਇਨਸਾਨ ਦੇ ਸਤਿਕਾਰ ਲਈ,
ਹਰ ਸਿਰ ਤੇ ਸਜੇਗਾ ਤਾਜ਼ ।
ਮੈਂ ਵੀ ਹਾਂ ਇਕ ਸੁਪਨ ਸਾਜ ।

ਸੋਚ - ਵਿਚਾਰ

ਗੁਰਸੇਵਕ ਸਿੰਘ 'ਚੜਿੱਕ'

ਦਿਲ ਕਰੇ ਬਥੇਰਾ ਮਿਲਣ ਲਈ, ਖੰਭ ਕੁਤਰੇ ਸੈਂਟਾਂ ਦੇ
ਜਿੰਦ ਅਟਕੀ ਥੋਨੂੰ ਦੇਖਣ ਲਈ, ਮਹਿਮਾਨ ਹੀ ਮਿੰਟਾਂ ਦੇ।।
ਸਾਨੂੰ ਘਰ ਦੀ ਅੱਧੀ ਚੰਗੀ, ਇਥੋਂ ਦੀ ਰੋਟੀ ਤੋਂ
ਆਪਣੇ ਨੂੰ ਆਪਣਾ ਇੰਜ ਘੂਰੇ, ਜਿਓਂ ਕੁੱਤਾ ਬੋਟੀ ਤੋਂ।।
ਸਭ ਵਿੱਚੋਂ-ਵਿੱਚ ਹੀ ਝੁਰਦੇ ਨੇ, ਖੁਲ ਕੇ ਗੱਲ ਕਰਦਾ ਨੀ
ਅੰਗਰੇਜੀ ਵਿਚ ਹੁੰਦੀ ਇੱਜ਼ਤ ਹੈ, ਪੰਜਾਬੀ ਵਿਚ ਪਰਦਾ ਨੀ।।
ਮੇਰਾ ਸਭਿਆਚਾਰ ਹੀ ਸਾਰਾ ਵਿਦੇਸ਼ੀ ਆਉਣ ਨੂੰ ਡੁੱਲ ਗਿਆ
ਅਸੀਂ ਰੱਬ ਨੂੰ ਭੁੱਲ ਚਲੇ, ਰੱਬ ਸਾਨੂੰ ਭੁੱਲ ਗਿਆ।।
ਇੰਡੋ-ਕਨੇਡੀਅਨ ਦੀ ਸਾਡੀ ਨਵੀਂ ਪਨੀਰੀ ਆ ਗਈ
ਮਾਈਕਲ ਜੈਕਸਨ ਵਾਲੀ ਡਿਸਕੋ ਇਹਨਾਂ ਨੂੰ ਭਾ ਗਈ।।
ਸ਼ਰਮ, ਧਰਮ ਦੀਆਂ ਗੱਲਾਂ ਕਿਤਾਬਾਂ ਵਿੱਚ ਛੱਡ ਆਏ
ਭੁੱਲ ਪੀਰ ਫਕੀਰਾਂ ਨੂੰ, ਆਪ ਇੱਧਰ ਨੂੰ ਭੱਜ ਆਏ।।
ਵਿਆਹ ਵਰਗੇ ਉੱਚੇ ਬੰਧਨ, ਵਪਾਰ ਬਣਾ ਦਿਤਾ
ਵਿਆਹ ਭੈਣ-ਭਰਾਵਾਂ ਨੂੰ, ਇਕ ਨਵਾਂ ਰਿਵਾਜ ਚਲਾ ਦਿਤਾ।।
ਗੁਰੂਆਂ ਦੀ ਗੁਰਬਾਣੀ ਦਾ ਦਿਲੋਂ ਸਤਿਕਾਰ ਹੀ ਭੁਲ ਚਲੇ
ਭੁੱਖ ਚੌਧਰ ਦੀ ਲੈ ਕੇ ਤਾਂ, ਗੁਰੂ ਘਰਾਂ ਨੂੰ ਤੁਰ ਚਲੇ।।
ਮੇਰੀ ਕੌਮ ਦੇ ਵਾਰਸੋ ਵੇ, ਤੁਸੀਂ ਹੁਣ ਵੀ ਹੋਸ਼ ਕਰੋ
ਕੋਈ ਏਕੇ ਜਿਹੀ ਬਰਕਤ ਨਹੀਂ, ਨਾਂ ਐਵੇਂ ਕਿਸੇ ਤੇ ਦੋਸ ਧਰੋ।।
ਕੁਝ ਕਿਸੇ ਨੂੰ ਆਖਣ ਤੋਂ, ਸੋਟਾ ਪੀੜੀ ਥੱਲੇ ਮਾਰ ਲਵੋ
ਹੁਣ ਕੌਮੀ ਸੇਧ ਦੇਣ ਲਈ, ਵੀਰੋ ਕੌਮ ਦੀ ਸਾਰ ਲਵੋ।।
ਝੱਖੜ ਕੁਰਬਾਨੀਆਂ ਦਾ ਤੁਸਾਂ ਸਿਰਾ ਤੇ ਝੱਲ ਪਿਆ
ਅਣਮੋਲ ਜਵਾਨੀਆਂ ਦਾ ਕੀ ਕੌਡੀ ਮੁੱਲ ਪਿਆ?
ਇਸ ਅੰਨ੍ਹੇ ਜੋਸ਼ਾਂ ਨੂੰ ਕਦੇ ਹੋਸ਼ ਨਹੀਂ ਆ ਸਕਣੀ
ਨਾਲ ਗਰਮ ਨਾਹਰਿਆਂ ਦੇ ਨਹੀਂ ਮੰਜਲ ਪਾ ਸਕਣੀ।।
ਜਿੰਨਾਂ ਚਿਰ ਦਿਲ ਵਿੱਚੋਂ, ਸਾਡੇ ਜਾਦਾ ਹੰਕਾਰ ਨਹੀਂ
ਸੇਵਕ ਤੁਸੀਂ ਸਮਝ ਲਵੋ, ਸਾਡਾ ਗੁਰੂ ਨਾਲ ਪਿਆਰ ਨਹੀਂ।
ਮੇਰੇ ਪੰਜਾਬ ਦੇ ਵਾਰਸੋ ਵੇ, ਲੋੜ ਕੁਝ ਸੋਚ ਵਿਚਾਰਨ ਦੀ
ਚੜਿੱਕ ਥੋਨੂੰ ਲੋੜ ਨਹੀਂ, ਇੰਜ ਯਬਲੀਆਂ ਮਾਰਨ ਦੀ

" ਕੁੱਤਾ " ਚੁੱਪ ਹੈ !

ਹਰਭਜਨ ਸਿੰਘ "ਮਾਂਗਟ "



ਕਿਹਾ ਕਲਯੁਗ ਆ ਗਿਆ ਹੈ,
ਜੋ ਨਿੱਤ ਭੌਂਕਦਾ ਹੁੰਦਾ ਸੀ ,
ਅੱਜ ਕੱਲ ਉਹ "ਕੁੱਤਾ" ਚੁੱਪ ਹੈ ।
ਇਕ ਪੱਤਰ ਪਰੇਰਕ,
ਕੁੱਤੇ ਕੋਲ ਗਿਆ,
ਤੇ ਉਹਦੇ ਮੂੰਹ ਅੱਗੇ "ਮਾਈਕ" ਰੱਖਕੇ
ਬੋਲਿਆ- ਹੇ ਕੂਕਰ ਜੀ-
ਮੈਂ ਤੁਹਾਡਾ ਇੰਟਰਵਿਊ ਲੈਣ ਆਇਆ ਹਾਂ,
ਅੱਜ ਕਲ ਤੁਸੀਂ ਚੁੱਪੀ ਕਿਉਂ ਧਾਰੀ ਹੋਈ ਹੈ,
ਕੁੱਤਾ ਬੋਲਿਆ,
ਭਰਾ ਜੀ ! ਜਦ ਮੇਰਾ ਕੰਮ
ਆਦਮੀ ਕਰ ਰਿਹੈ
ਤਾਂ ਮੈਂ ਕਿਉਂ ਭੌਂਕਾਂ !
ਆਦਮੀ ਬਥੇਰਾ ਭੌਂਕ ਰਿਹੈ !
ਪੱਤਰ ਪਰੇਰਕ ਚੁੱਪ ਕਰ ਗਿਆ !
ਕੁੱਤੇ ਦੀ ਗੱਲ ਝੂਠੀ ਨਹੀਂ ,-ਆਦਮੀ ਤਾਂ _?

ਕਾਵਿ - ਕਿਆਰੀ

ਗਜ਼ਲ

ਦੀਪਕ 'ਜੈਤੋਈ'

ਚਿਟੀਆਂ,ਸੁਰਖ,ਕਾਲੀਆਂ ਅੱਖਾਂ,
ਤੇਰੀਆਂ ਕਰਮਾਂ ਵਾਲੀਆਂ ਅੱਖਾਂ ।
ਅੱਖਾਂ ਅੱਖਾਂ 'ਚ ਹੋ ਗਿਆ ਵਾਅਦਾ,
ਫੇਰ ਹੋਈਆਂ ਸੁਖਾਲੀਆਂ ਅੱਖਾਂ ।
ਕਿਸ ਤਰ੍ਹਾਂ ਟਲਦਾ ਦਿਲ ਮੁਹੱਬਤ ਤੋਂ,
ਜਦ ਨਹੀਂ ਟਲ੍ਹੀਆਂ ਟਾਲ੍ਹੀਆਂ ਅੱਖਾਂ ।
ਪ੍ਰੀਤੀਆਂ ਅੱਖਾਂ ਜਿਸਦੀਆਂ ਵੀ ਮੈਂ,
ਉਸਨੇ ਮੈਨੂੰ ਵਿਖਾਲੀਆਂ ਅੱਖਾਂ ।
ਜ਼ਖਮ ਅਣਗਿਣਤ ਖਾ ਗਿਆ ਇਹ ਦਿਲ ,
ਕੇਰਾਂ ਲੜੀਆਂ ਦੁਨਾਲੀਆਂ ਅੱਖਾਂ।
ਤੂੰ ਨਾ ਆਏਂਗਾ ਕਿਸ ਤਰਾਂ ਹੁਣ ਵੀ ,
ਰਾਹ ਵਿਚ ਮੈਂ ਵਿਛਾ ਲਈਆਂ ਅੱਖਾ ।
ਖੱਟ ਕੋਈ ਜ਼ਰੂਰ ਸੀ ਦਿਲ ਵਿਚ ,
ਯਾਰ ਨੇ ਤਾਂ ਚੁਰਾ ਲਈਆਂ ਅੱਖੀਆਂ ।
ਵੀਹਰ ਕੇ ਸੋਚੋਂ ਹੋ ਗਈਆਂ ਬਾਗੀ,
ਮੈਂ ਬਥੇਰਾ ਸੰਭਾਲੀਆਂ ਅੱਖਾਂ ।
ਜਾਣ ਵਾਲੇ ! ਮੈਂ ਤੇਰੇ ਗਮ ਵਿਚ ਅੰਦਰ,
ਗੰਗਾ ਜਮਨਾ ਬਣਾ ਲਈਆਂ ਅੱਖਾਂ ।
ਉਫ਼ ! ਬੁੜਾਪੇ 'ਚ ਹੋ ਗਈਆਂ ਬੇ-ਨੂਰ,
ਕਿਸ ਜਵਾਨੀ ਨੇ ਖਾ ਲਈਆਂ ਅੱਖਾਂ ।
ਕੀ ਕਮਾਇਆ ਤੂੰ ਦਿਸ਼ਹ 'ਚੋਂ 'ਦੀਪਕਾ" ,
ਐਵੇਂ ਰੋ -ਰੋ ਕੇ ਗਾਲ੍ਹੀਆਂ ਅੱਖਾਂ ।

ਤ੍ਰੇਲ ਬਣ ਕੇ ਮੈਂ ਸੂਲਾਂ ਤੇ ਮੁਸਕਾਵਾਂਗਾ

ਨਦੀਮ 'ਪ੍ਰਮਾਰ'

ਖਬਰ ਨਹੀਂ ਸੀ ਕਿ ਦਿਲ ਤੋਂ ਮਾਤ ਖਾਵਾਂਗਾ,
ਪਤਾ ਨਹੀਂ ਸੀ ਕਿ ਮੈਂ ਆਪਣੇ ਲਹੂ ਵਿਚ ਨ੍ਹਾਵਾਂਗਾ ।
ਸਾਹਾਂ ਦੀ ਡਾਲ ਤੇ ਫੁਟਿਆ ਹੋਇਆ ਮੈਂ ਇਕ ਫੁੱਲ ਹਾਂ ,
ਖਿੜਾਂਗਾ,ਮਹਿਕਾਂਗਾ,ਮੁਰਝਾਕੇ ਬਿਖਰ ਜਾਂਵਾਂਗਾ।
ਦਿਨਾਂ ਨੂੰ ਧੁੱਪ ਤੇ ਰਾਤਾਂ ਨੂੰ ਚਾਨਣੀ ਬਣ ਕੇ,
ਤਿਰੀ ਤਲਾਸ਼'ਚ ਬ੍ਰਹਮੰਡ ਛਾਣ ਆਵਾਂਗਾ ।
ਮਿਰਾ ਵਾਜੂਦ ,ਮਿਰੀ ਰੂਹ,ਘੁਮਾਰ ਦੀ ਮਿੱਟੀ ,
ਪਤਾ ਨਹੀਂ ਹੈ ਮੈਂ ਕਿਨੇ ਕੁ ਰੂਪ ਪਾਵਾਂਗਾ।
ਰੁਲਾਂਗਾ ਖਾਕ 'ਚ ਮਰਕੇ ਫਨਾ ਨਾ ਹੋਵਾਂਗਾ ,
ਮੈਂ ਫੁੱਲ ਕਲੀਆਂ ਜਾਂ ਪੱਤੀਆਂ 'ਚੋਂ ਮੁਸਕਰਾਵਾਂਗਾ ।
ਉਦਾਸ ਰਾਤਾਂ 'ਚ ਯਾਦਾਂ ਦੀ ਚਾਨਣੀ ਬਣ ਕੇ ,
ਤਿਰੇ ਖਿਆਲਾਂ ਦੇ ਅੰਬਰ ਤੇ ਫੈਲ ਜਾਵਾਂਗਾ ।
ਪਤਾ ਨਹੀਂ ਸੀ ਕਿ ਲਿਖਾਂਗਾ ਬੋਲ ਗਜ਼ਲਾਂ ਦੇ,
ਮੈਂ ਸੋਚਿਆ ਸੀ ਕਿ ਮਾਹੀਆ ਜਾ ਹੀਰ ਗਾਵਾਂਗਾ ।
ਗਜ਼ਲ ਦੀ ਸੇਵਾ ਹੀ ਕੀਤੀ ਹੈ ਉਮਰ ਸਾਰੀ ਮੈਂ,
ਗਜ਼ਲ ਦੇ ਵਾਸਤੇ ਜਿੰਦ ਜਾਨ ਵਾਰ ਜਾਵਾਂਗਾ ।
'ਨਦੀਮ' ਮਰ ਕੇ ਜੇ ਹੋਸਣਾ ਪਵੇਗਾ ਗਮ ਅੰਦਰ ,
ਤ੍ਰੇਲ ਬਣ ਕੇ ਮੈਂ ਸੂਲਾਂ ਤੇ ਮੁਸਕਰਾਵਾਂਗਾ ।

ਗਜ਼ਲ

ਨਾ ਭੁਲੇ ਹਾਂ ਵਾਰਸ ਨੂੰ,ਤੇ ਨਾ ਭੁਲੇ ਹਾਂ ਬੁਲ੍ਹੇ ਨੂੰ,
ਅਸੀਂ ਸ਼ਿਗ੍ਰਾਨੀ ਅੱਗ ਵਿਹਾਝੀ,ਤਪਦਾ ਰਖਿਆ ਚੁਲ੍ਹੇ ਨੂੰ।
ਦਿੱਤਾ ਹੈ ਨਿਹੋਰਾ ਮੈਨੂੰ,ਮਹਿਲਾਂ ਦਾ ਤੇ ਕਾਰਾਂ ਦਾ,
ਪੂਰੀ ਸਦੀ ਚੋਬਾਈ ਲੰਘੀ ,ਮੇਰਾ ਮੁੜ੍ਹਕਾ ਭੁਲੇ ਨੂੰ ।
ਮਾਂ ਬਾਪ ਦੇ ਗੋਡੇ ਖੜ ਗਏ,ਧੀਆਂ ਪੁਤਰ ਉਂਝ ਹੀ ਹੜ੍ਹ ਗਏ ,
ਤੈਨੂੰ ਦੱਸ,ਮੈਂ ਕੀ ਕੀ ਦੱਸਾਂ,ਘਰ 'ਤੇ ਝੱਖੜ ਝੁਲੇ ਨੂੰ।
ਚੋਖਟ ਉਤੇ ਬਾਲ ਚਮੁਖੀਆ,ਹੁਣ ਨਾ ਮੇਰੀ ਉਡੀਕ ਕਰੀਂ ,
ਨਾ ਹੁਣ ਬਦ-ਦੁਆ ਹੀ ਦੇਵੀਂ,ਘਰ ਦਾ ਰਸਤਾ ਭੁਲੇ ਨੂੰ ।
ਪੱਛਮ ਵਿਚ ਵੀ ਓਹੀ ਨ੍ਹੇਰੀ,ਜੋ ਵਗਦੀ ਹੈ ਪੂਰਬ ਵਿਚ,
ਹਰ ਕੋਈ ਬੁੱਕਲ ਵਿਚ ਹੀ ਰੋਵੇ,ਖੂਨ ਆਪਣਾ ਭੁਲ੍ਹੇ ਨੂੰ ।

ਗ਼ਜ਼ਲ

ਗੁਰਦਰਸ਼ਨ 'ਬਾਦਲ'

ਆਪਾ ਗੁਮਾ ਕੇ ਜਿਹੜੇ, ਹਨ ਕਾਫਿਲੇ ਚ ਰਲਦੇ।
ਓਹੀ ਮੁਸੀਬਤਾਂ ਨੂੰ, ਪੈਰਾਂ ਦੇ ਹੇਠ ਦਲਦੇ।
ਬਣ ਕੇ ਉਕਾਬ ਯਾਰਾ! ਸੂਰਜ ਦੇ ਨੇੜੇ ਹੋ ਜਾ,
ਪਰਛਾਵਿਆਂ ਦਾ ਕੀ ਹੈ, ਇਹਨਾਂ ਤਾਂ ਰਹਿਣੈ ਢਲ੍ਹਦੇ।
ਜਿਨ੍ਹਾਂ ਦੀ ਪ੍ਰੀਤ ਸੱਚੀ, ਜਿਨ੍ਹਾਂ ਦਾ ਇਸ਼ਕ ਪੱਕਾ,
ਘੜਿਆਂ ਨੂੰ ਪਰਖਦੇ ਨਾ, ਉਹ ਟਾਲ੍ਹਿਆਂ ਨਾ ਟਲ੍ਹਦੇ।
ਚਾਰਾਂ ਹੀ ਪੁੱਤਰਾਂ ਨੂੰ , ਬਾਪੂ ਹੈ ਬੇਝ ਲਗਦਾ,
ਇਕ ਬਾਪ ਦੀ ਕਮਾਈ, 'ਤੇ ਚਾਰ ਪੁੱਤ ਪਲਦੇ।
ਪਾਣੀ ਸਮਝ ਕੇ ਜਿਹੜੇ, ਬਲ ਵਿਚ ਝਟਕ ਗਏ ਸੀ,
ਤ੍ਰਿਸ਼ਨਾ ਦੇ ਮਿਰਗ ਓਹੀ, ਅਜ ਰੇਤ ਨੂੰ ਨੇ ਛਲਦੇ।
ਧਰਤੀ ਦੇ ਗਰਭ ਅੰਦਰੋਂ, ਦਾਣੇ ਉਗਣ ਓਹੀ,
ਜੋਖੀ ਪਕੜ ਕੇ ਜਿਹੜੇ, ਤੁਰਦੇ ਨੇ ਮਗਰ ਹਲ੍ਹ ਦੇ।
ਦੋ ਗਜ਼ ਜ਼ਮੀਨ "ਬਾਦਲ" ! ਉਹ ਵੀ ਨਹੀਂ ਹੈ ਤੇਰੀ,
ਇਕੋ ਜ਼ਮੀਨ ਉਤੇ, ਮੁਰਦੇ ਅਨੇਕ ਜਲਦੇ।

ਗਜ਼ਲ

ਗੁਰਦਰਸ਼ਨ 'ਬਾਦਲ'

ਏਨਾ ਨਾ ਤੜਪਾਇਆ ਕਰ ਨੀ ਧੀਏ ਲਾਡਲੀਏ !
ਚਿੱਠੀ ਛੇਤੀ ਪਾਇਆ ਕਰ ਨੀ ਧੀਏ ਲਾਡਲੀਏ !
ਚਿੱਠੀ ਜੇਕਰ ਤੋਖੋਂ ਜਲਦੀ ਲਿਖ ਨਹੀਂ ਹੁੰਦੀ ,ਤਾਂ
ਸੁਪਨੇ ਵਿਚ ਹੀ ਆਇਆ ਕਰ ਨੀ ਧੀਏ ਲਾਡਲੀਏ !
ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਤੂੰ ਕਰੇ ਕੰਜੂਸੀ ਕਿਉ!
ਛੇਤੀ ਆਇਆ ,ਜਾਇਆ ਕਰਨੀ ਧੀਏ ਲਾਡਲੀਏ !
ਜਿੰਨਾ ਪਿਆਰ ਖਤਾਂ ਦੇ ਰਾਹੀਂ ਘੁਲਦਾ ਹਾਂ,
ਅੱਧਾ ਹੀ ਪਰਤਾਇਆ ਕਰ ਨੀ ਧੀਏ ਲਾਡਲੀਏ !
ਤੇਰੇ ਕਮਰੇ ਵੱਲੋਂ ਹਰਦਮ ਠੰਡੀ ਵਾਅ ਆਵੇ,
ਖਿੜਕੀ ਖੋਲ੍ਹ ਕੇ ਜਾਇਆ ਕਰ ਨੀ ਧੀਏ ਲਾਡਲੀਏ !
ਤੇਰੇ ਸੁੱਖ ਸੁਨੇਹਾ ਖਾਤਿਰ ਹੀ ਤਾਂ ਜੀਂਦੇ ਹਾਂ,
ਪੈਂਤਾਂ ਹੱਥ ਪੁਚਾਇਆ ਕਰ ਨੀ ਧੀਏ ਲਾਡਲੀਏ !
ਤੇਰਾ ਧਰਮੀ ਬਾਬਲ ਤੈਨੂੰ ਕਦੇ ਵੀ ਭੁੱਲੇ ਨਾ,
ਰੱਬ ਨੂੰ ਯਾਦ ਕਰਾਇਆ ਕਰ ਨੀ ਧੀਏ ਲਾਡਲੀਏ ! ਕੁੜੀਆਂ
,ਚਿੜੀਆਂ ਆਖਿਰ ਵਿ ਹਰੇ ਚੋਂਉਡ ਜਾਣਾ
"ਬਾਦਲ" ਨੂੰ ਸਮਝਾਇਆ ਕਰ ਨੀ ਧੀਏ ਲਾਡਲੀਏ !

ਗਜ਼ਲ

ਗੁਰਦਰਸ਼ਨ 'ਬਾਦਲ'

ਖੁਸ਼ੀਆਂ,ਖੇੜੇ ਲੈ ਕੇ ਆਵੀਂ ,ਸਾਲ ਨਵੇਂ ਦੀਏ ਕਿਰਨੇ !
ਸਦੀਆਂ ਤੋਂਹੀ ਜੂਝ ਰਹੇ ਹਾਂ ਕਦ ਸਾਡੇ ਦਿਨ ਫਿਰਨੇ !
ਮਾਂ ਦੇ ਅੱਖੋਂ ਹੰਝੂ ਟਪਕਣ,ਅੰਦਰ ਦਰਦ ਹੰਢਾਵੇ,
ਦਰਦ ਕਦੋਂ ਤੱਕ ਮੱਠਾ ਪੈਣੈ,ਨੈਣ ਕਦੋਂ ਨੇ ਦਿਰਨੇ? ਰੋਜ਼ ਸਵੇਰੇ
ਲਾਸ਼ਾਂ ਤੱਕੀਏ,ਖੂਨ ਦੇ ਵਿਚ ਨਹਾਈਏ, ਅਖਬਾਰਾਂ ਦੀਆਂ
ਖਬਰਾਂ ਪੜ੍ਹਕੇ, ਰਹਿਣ ਕਲੇਜੇ ਨਿਰਨੇ। ਸਾਡੇ ਤਨ ਦੇ ਉਤੇ
ਆਰੇ ,ਚਲੇਦੇ ਰਹੇ ਬਥੇਰੇ ,
ਸੀਸ ਆਸਾਡੇ ਝੱਲੀਏ ਪੈਣੇ! ਹੋਰ ਕਦੋਂ ਤਕ ਚਿਰਨੇ!
ਸ਼ਾਂਤ ਸਮੁੰਦਰ, ਹਸਦਾ ਚੰਨ ਤੇ ਠੰਡੀ -ਸੀਤ ਹਵਾ,
ਇਹਨਾਂ ਦੇ ਹਾਂ ਅਸੀ ਪੁਜਾਰੀ ,ਇਹੀਓ ਸਾਡੀ ਧਿਰ ਨੇ । ਆ
ਵੇ ਨਵਿਆਂ ਸਾਲਾ! ਆ ਕੇ ਦਿਹ ਖੁਸ਼ੀਆਂ ਦਾ ਤੋਹਫਾ, ਤੂੰ ਵੀ
ਬੀਤੇ ਵਾਂਗ ਕਰੀ ਨਾ , ਕੋਂਝ-ਕੁਸੈਲੇ ਨਿਰਨੇ। ਜਹਿਰੀ ਵਾ ਦੇ
"ਬਾਦਲ" ,ਲੂਕਣਗੇ ਕਦ ਤਾਂਈ? ਹੋਰ ਕਦੋਂ ਤਕ ਖੂਨ ਦੇ
ਤੁਪਕੇ, ਇਸ ਧਰਤੀ 'ਤੇ ਗਿਰਨੇ !

ਗਜ਼ਲ

ਅਸ਼ਰਫ 'ਗਿੱਲ'

ਘਰ ਆਏ ਹੋਏ ਸੱਜਣਾਂ ਨੂੰ ਮੈਂ
ਟੋਰ ਗਵਾਇਆ ਕੀ ਕੀਤਾ,
ਪੰਥਰ ਤੋਂ ਪੱਕ ਇਰਾਦੇ ਨੂੰ
ਕਮਜ਼ੋਰ ਬਣਾਇਆ ਕੀ ਕੀਤਾ ।
ਦਿਲ ਉਤੇ ਕੁਝ ਤਹਿਰੀਰਾਂ ਸਨ
ਰੰਗੀਨ ਤਸਵੀਰਾਂ ਸਨ,
ਮੀਂਹ ਵਰ੍ਹਿਆ ਐਸਾ ਨੈਣਾਂ ਚੋਂ ਸਭ ਖੋਰ
ਗਵਾਇਆ ਕੀ ਕੀਤਾ ।
ਅਣਕੀਤੇ ਜ਼ੁਰਮ ਕਬੂਲ ਲਏ ਨੇ ਦੁੱਖ
ਦਰਦ ਅਜ਼ਾਬ ਵਸੂਲੇ ਨੇ,
ਇਕ ਪਿਆਰ ਤੋਂ ਤੋਬਾ ਨਾ ਕੀਤੀ ਦੱਸ
ਹੋਰ ਖੁਦਾਇਆ ਕੀ ਕੀਤੈ ।
ਅਮਰੀਕੀ ਲੋਕਾਂ ਦੇ ਚੇਹਰੇ ਸਹਿਮੇ
ਜਾਂ ਵੇਖਾਂ ਤੇ ਸੋਚਾਂ,
ਅਹਿਸਾਸ ਤੋਂ ਵਾਂਝੇ ਲੋਕਾਂ ਲਈ ਕਿਉਂ
ਲਾਹੌਰ ਗਵਾਇਆ ਕੀ ਕੀਤਾ ।
ਲੋਕਾਂ ਅੰਦਰ ਭਾਸੜ ਹੈ ਮਾਯੂਸੀ ਦੀ ਨਿਰਾਸ਼ਾ ਦੀ,
ਨੇਤਾਵਾਂ ਦੇਖਣ ਗੁਰਬਤ ਦਾ ਹੈ
ਜ਼ੋਰ ਕਰਾਇਆ ਕੀ ਕੀਤਾ ।
ਵੇਖ ਉਸਦੇ ਰੂਪ ਸੁਹਾਣੇ ਨੂੰ ਤਾਰੀਫ
ਖੁਦਾ ਦੀ ਕੀਤੀ ਸੀ,
ਮਗਰੂਰ ਜਿਹੇ ਇਕ ਬੰਦੇ ਨੂੰ, ਚਿੱਤ
ਚੋਰ ਬਣਾਇਆ ਕੀ ਕੀਤਾ ।
ਸੱਚੇ ਸੂਲਾਂ ਤੇ ਟੁਰ ਟੁਰ ਕੇ, ਚੁੱਪ ਚਾਪ
ਚੜ੍ਹੇ ਜਾ ਸੂਲੀ ਤੇ,
ਬੂਹਾਂ ਦੇ ਚੋਲਾਂ ਦੇ ਡੱਗਿਆਂ,
ਬੱਸ ਸ਼ੋਰ ਮਚਾਇਆ ਕੀ ਕੀਤਾ ।
ਅਸ਼ਰਫ ਨੇ ਰੀਝਾਂ ਨਾਲ ਬੜੀ,
ਫੁੱਲਾਂ ਦੀ ਪਨੀਰੀ ਲਾਈ ਸੀ,
ਬਦਖਾਂ ਹਾਂ ਉਸ ਪਨੀਰੀ ਵਿਚ,
ਜਾ ਬੋਰ ਰਲਾਇਆ ਕੀ ਕੀਤਾ ।

ਗ਼ਜ਼ਲ

ਰਉਫ਼ ਸ਼ੇਖ

ਸ਼ਹੂਤੇ ਦੀਵੇ ਰਾਹ ਵਿਚ ਬਾਲੀ ਜਾਂਦੇ ਨੇ।
ਮੰਜ਼ਲ ਤਕ ਤੇ ਕਿਸਮਤ ਵਾਲੇ ਜਾਂਦੇ ਨੇ।
ਮਾਵਾਂ ਨਾਲ ਕੀ ਰਿਸ਼ਤਾ ਉਹਨਾਂ ਬਚਿਆਂ ਦਾ।
ਨਰਸਰੀਆਂ ਵਿਚ ਜਿਹੜੇ ਪਾਲੇ ਜਾਂਦੇ ਨੇ।
ਉਥੇ ਉਹ ਨਹੀਂ ਸਕਦਾ ਰੁਖ ਮੁਹੱਬਤ ਦਾ।
ਜਿਹੜੇ ਥਾਂ 'ਤੇ ਸਿੱਕੇ ਢਾਲੇ ਜਾਂਦੇ ਨੇ।
ਇਹ ਦੁਨੀਆਂ ਏਂ ਏਥੇ ਯਾਰੀ ਲਾਕੇ ਵੀ,
ਇਕ ਦੂਜੇ ਦੇ ਐਬ ਉਛਾਲੇ ਜਾਂਦੇ ਨੇ।
ਸਫ਼ਰਾਂ ਅੰਦਰ ਸੰਗਤ ਰੰਜ ਬਦਲਦੀ ਏ,
ਮੰਜ਼ਲ ਤੀਕ ਪੈਰਾਂ ਦੇ ਛਾਲੇ ਜਾਂਦੇ ਨੇ।
ਕਦੀ ਵੀ ਉਹ ਰੁਸ਼ਨਾ ਨਾ ਸਕਦੇ ਵਿਹੜੇ ਨੂੰ,
ਜਿਹੜੇ ਚਾਨਣ 'ਰਉਫ਼' ਉਧਾਲੇ ਜਾਂਦੇ ਨੇ।

ਗਜ਼ਲ

ਡਾ: ਦਰਸ਼ਨ 'ਗਿੱਲ'

ਕਾਲ-ਕਲੂਟੀ ਰਾਤ ਨੇ,ਪੱਛੀ ਕਿਰਦੇ ਸਵੇਰ,
ਸੂਰਜ ਬਦਲੀਂ ਗੁੰਮਿਆ,ਚਾਰੋਂ ਤਰਫ ਹਨੇਰ।
ਜ਼ੁਲਫਾਂ ਖੋਲ੍ਹੀ ਫਿਰ ਰਹੀ,ਜ਼ਿੰਦਗੀ ਜਿਵੇਂ ਚੁਰੇਲ,
ਸਾਜ਼-ਸਤੀ ਨੇ ਖਾ ਲਿਆ ਮੁੜਕੇ ਸਾਨੂੰ ਫੇਰ।
ਪੂਰਬ ਪੱਛਮ ਇੱਕ ਨੇ,ਇਸ ਲਈ ਸ਼ੁਗਨ ਮਨਾ,
ਬੁੜਿਆਂ ਖਾਤਰ ਦੱਸਤਾ,ਐਵੇਂ ਹੈਂਝ ਨਾ ਕੇਰ।
ਮਹਿਲਾਂ ਜਿਹਾ ਮਕਾਨ ਹੈ,ਧੂੜਾਂ ਪੱਟਦੀ ਕਾਰ,
ਖਾ ਲੈ ਗੇਲੀ ਨਸ਼ੇ ਦੀ ,ਹੁਣ ਨਾ ਕਰ ਅਵੇਰ ।
ਅਗਲੀ ਨਸਲ ਜੇ ਵਿਗੜਦੀ,ਤੈਨੂੰ ਇਸ ਦਾ ਕੀ ,
ਤੂੰ ਧਰਮਾਂ ਦੀ ਆੜ ਲੈ, ਲਾ ਮਾਇਆ ਦੇ ਢੇਰ ।

"ਵਧਾਈਆਂ"

"ਪੂਤਾ ਮਾਤਾ ਕੀ ਆਸੀਸ। ਨਿਮਖ ਨਾ ਬਿਸਰਉ ਤੁਮਕਉ ਹਰਿ ਹਰਿ ਸਦਾ ਭਜਹੁ ਜਗਦੀਸ਼।।

ਪੰਜਾਬੀ ਪੱਤ੍ਰਿਕਾ ਦੇ ਲੇਖਕ ਗੁਰਦੀਪ ਸਿੰਘ 'ਗਰੇਵਾਲ' ਪਰਿਵਾਰ ਦੇ ਨਜ਼ਦੀਕੀ ਦੋਸਤ ਪਿੰਡ ਝਮਟ ਜਿਲਾ ਲੁਧਿਆਣਾ ਦੇ ਸ: ਰਣਜੀਤ ਸਿੰਘ ਪੰਧੇਰ ਅਤੇ ਬੀਬੀ ਹਰਪ੍ਰੀਤ ਕੌਰ ਪੰਧੇਰ ਦੇ ਘਰ ਪਰਮਾਤਮਾ ਨੇ ਪੁੱਤਰ ਦੀ ਦਾਤ ਬਖਸ਼ੀ ਹੈ। ਕਾਕੇ ਦਾ ਨਾਂ ਚੰਦਨਦੀਪ ਸਿੰਘ ਪੰਧੇਰ ਰੱਖਿਆ ਹੈ। ਸ: ਲਛਮਣ ਸਿੰਘ ਪੰਧੇਰ ਅਤੇ ਮਾਤਾ ਬਲਜੀਤ ਕੌਰ ਨੂੰ ਦਾਦਾ ਦਾਦੀ ਅਤੇ ਹੈਡਮਾਸਟਰ ਰਾਜਬੀਰ ਸਿੰਘ ਤੇ ਮਾਤਾ ਇੰਦਰਜੀਤ ਕੌਰ ਨੂੰ ਨਾਨਾ ਨਾਨੀ ਤੇ ਮਨਪ੍ਰੀਤ ਕੌਰ ਅਤੇ ਚਰਨ ਸਿੰਘ ਬੁਰਜ਼ ਲਿਟਾਂ ਨੂੰ ਭੂਆ ਫੁੱਫੜ ਅਤੇ ਮਨਜੀਤ ਕੌਰ ਨੂੰ ਭੂਆ ਬਣਨ ਤੇ ਗਰੇਵਾਲ ਪਰਿਵਾਰ ਵਲੋਂ ਬਹੁਤ ਬਹੁਤ ਵਧਾਈਆਂ ਹੋਣ।

Abbotsford Awarded $80,000 To Improve Municipal Infrastructure

The City of Abbotsford will be taking steps to strengthen environmental practices thanks to a $80,000 funding from the Green Municipal Funds (GMF) for a feasibility study to look at constructing stormwater detention facilities to manage runoff into Marshall Creek. The study was recently announced by Mayor George Ferguson and the Honourable David Anderson, federal Minister of Environment.

"The City of Abbotsford wishes to construct storm detention facilities to manage storm runoff and address water quality issues in the Marshall Creek system. A combination of wet-pond and wet-land facilities that are proposed have been effective at reducing contaminants in the water by up to 60 per cent," said Mayor George Ferguson.

The Government of Canada has endowed $250 million to the Federation of Canadian Municipalities (FCM) to establish and manage the GMF. The funds began operating in 2000 to stimulate environmental projects launched by municipal governments and their partners to cut pollution, reduce greenhouse gases and improve municipal services. The funds leverage larger amounts for studies and projects through contributions by municipalities and private-sector partnerships.

"This study will provide a plan to better manage the stormwater runoff into Marshall Creek while reducing pollutants and addressing water quality issues," said Minister Anderson. "I am pleased that the Government of Canada and the Federation of Canadian Municipalities are participating and able to support the city of Abbotsford in this study."

The city of Abbotsford is contributing $80,000. The Green Municipal Enabling Fund (GMEF), a component of the Green Municipal Funds, is supporting the study. The GMEF covers up to half the cost of feasibility studies for projects that are aimed at cutting polluting emissions to air, water or soil through investments in energy or process efficiency or by promoting the use of renewable resources.

The study will look at the construction of stormwater detention facilities for the Marshall Creek, located in the eastern part of Abbotsford. The study will look at ways to reduce creek pollution, manage volume and flow, and prevent erosion along the creek corridor.

To date, 121 projects have been approved for funding of more than $9 million, leveraging $43 million in total spending to act on cleaner air, water, soil and climate change. These projects, if fully implemented, will result in an estimated 566,800 tonnes reduction annually in greenhouse gas emissions contributing to the reduction targets Canada had agreed to in the Kyoto Protocol.

The FCM has been the national voice of municipal governments since 1901. It is dedicated to improving the quality of life in all communities by promoting strong, effective and accountable municipal government.

YOUR DATE WITH STARS

Aries [March 21 - April 20]

Seek some console from a person who is older and more experienced than you are, dear Aries. Don't let pride prevent you from gaining insight and direction from a parent or anyone else who is in your life. Chances are they have the answers to problems you've been struggling with.

Taurus [April 21 - May 20]

Heavy thoughts may be present for you today, dear Taurus. Perhaps this will come about as a result of a problem you are facing and need to think about. If this is the case, the day's energy will lend a great deal of support to helping you identify the choices you have. Don't hesitate to write your thoughts and ideas down.

Gemini [May 21- June 21]

Your commitments and sense of faithfulness may be prominent, dear Gemini. Is there something you've dedicated yourself to that doesn't feel as right or secure as it once did? If so, it might be time to consider talking with those that are involved about how you're feeling. Perhaps you need some reassurance that your commitment is as strong for the other person or maybe your needs have changed. Whatever the case, do something about it.

Cancer [June 22 - July 22]

New ventures that you may have been considering may be something worth pursuing, dear Cancer. Share your ideas with someone who has earned your respect. Someone who is experienced or older may have some excellent insights into the situation that you haven't considered.

Leo [July 23 - Aug 22]

If there are problems that seem unsolvable, dear Leo, talk with an elder you feel comfortable with. The combination of experience, a different perspective, insights, and an air of nurturing can really help you to work things out. Even if what they have to say seems 'way out there', don't discount the advice as too weird or old-fashioned.

Virgo [Aug 23 - Sept 22]

If you still haven't tapped into your full potential or found what you think is your true path in life, take heart, dear Virgo. Some have things figured out early in life. Others think they do, only to discover it wasn't their calling after all. You may be a late bloomer in this regard and this has its advantages. The older you are, the better you know yourself. The experience you've gained has helped tailor your abilities. Trust that you'll know what is right for you when it comes.

Libra [Sept 23 - Oct 22]

Be sure to keep things in balance, dear Libra. As a Libra, this along with harmony are extremely important components to your overall wellness. Take a look at what you've been spending the majority of your time and energy with in the last month. Identify the areas that have had the least of this and make some plans to increase this. If you haven't worked much, then get to it. If you haven't relaxed for ages, do it.

Scorpio [Oct 23 - Nov 22]

If verbal communication doesn't suffice, dear Scorpio, look to the written word for effective expression. The spoken word can be far easier to misunderstand or to come out wrong. They can get caught in your throat and leave you at critical times. Writing however gives voice to your thoughts without pressure or interaction. It's a clear path to speaking your mind when you're ready.

Capricorn [Dec.23 - Jan.20]

If someone has recently approached you about forming a partnership, dear Capricorn, it might be well worth your while to give this serious consideration. The energy from the day's planetary aspects is supportive of successful partnership forming even if it's not something you've ever really thought of. Sit down and talk with this person.

Sagittarius [Nov 23 toDec. 22]

Seek out direction from an elder, dear Sagittarius. Chances are strong that the best candidate for this will be your mother or a mother-like figure. Whatever the situation, whether it be a problem you're having in a relationship, a child care issue.

Aquarius [Jan 21 to Feb 19]

Lift your spirits with some music, dear Aquarius. If you have to work or are at home it doesn't matter. Some upbeat tunes can really help get you moving, thinking, and feeling better. Sing or dance if you like to, and go about your day as best as you're able. It's amazing how soothing or energizing the choice of music can be.

Pisces [Feb 20 to March 20]

Your ability to be thrifty will be enhanced today, dear Pisces. Given this added boost from the cosmos, consider making shopping a part of your day. Whether you have corporate purchasing to make or groceries to get for your family, you'll spot the bargains a mile away. Don't be surprised if you happen upon excellent deals or spot sales as well.

BOLLYWOOD DUNIYA

SONALI KULKARNI "I Dare"

At 24 she's played a tree, a cross-dresser and Hrithik Roshan's mother. She has dabbled in theatre and regional cinema.

She's even won a national award. But it's her recent success at the box-office in films like Mission Kashmir and Pyar Tune Kya Kiya that Sonali Kulkarni is most ecstatic about. Weary of being typecast, the actress wants to showcase her diverse talent to a larger audience. The coming days will see her straddling breezy films like Farhan Akhtar's Dil Chahta Hai alongside more complex performances in Arjun Sajnani's Agni Versha and a Telugu adaptation of Macbeth.

Monotony is anathema to Ms. Kulkarni's free spirit. Clad in an aquamarine tye-dye dress, Sonali's earthy good looks blended in perfectly

with the venue's studio pottery, block-print linen and cane furniture. Over sips of frothy cappuccino, the actress reiterated her determination not to let labels or stereotypes impede her creative odyssey.

You were just 16 when you did your first film. When did you first become aware that you wanted to be an actor?

From my childhood I have been inclined towards theatre, classical dances and music. My parents encouraged this artistic side. After my 10th standard exams I attended satyadev Dubey's workshop, which developed my passion for theatre. It gave me a lot of satisfaction to discover my limitations and strengths as an actor. Coincidentally, around this time Girish Karnad came down to Pune for the casting of Chelluvi. I was selected to play the title role in the fantasy story about a girl who can become a tree.

And you followed that up with films like Jabbar Patel's Mukta and Amol Palekar's Daayra.

Yes, Amol Palekar is one of my favorite directors. He doesn't make creative compromises; nor does he make films for awards. I have worked with Amol and Jabbar Patel more than once, which I consider as a compliment. In Dr. Ambedkar I played Ambedkar's wife, who dies very young. It was lovely to work with a brilliant actor like Mammooty.

There's been a lot of speculations about your joining the mainstream fold with films like Mission Kashmir and Pyar Tune Kya Kiya.

I have been working for the last seven to eight years. Besides theatre, I have done Tamil, Marathi and Hindi films, and even an English film. In each case the audience was very select. But now I have become weary about telling people how much work I have done. I am looking for a larger exposure. The purpose of acting is to come in front of an audience. If an artiste's work is not seen properly, he begins to feel the strain.

Thankfully I've never felt frustrated because of the good reviews and awards that have constantly come my way for my work. But I am not acting only for festivals and awards. I want to perform for the masses too. Just last week I was in South Africa and people immediately identified me from Mission Kashmir and Pyar Tune Kya Kiya. I am very happy with the footage these films have got me. I feel I'm on the right track.

Part of the lure of mainstream cinema is money, isn't it?

Money was important when I was doing Daayra. At the time I did a lot of commercials because I wanted to be financially independent. Though I haven't accepted a role for money so far, I will definitely demand to be paid what I deserve. But I don't dream of a Mercedes Benz or a big bungalow. I am very happy in my house in Juhu.

Given the fact that you are younger than Hrithik, was it awkward playing his mother in Mission Kashmir?

The funny thing is that Hrithik and I took our reel-life relationship pretty seriously. Otherwise it would have been very difficult. During the photo-session, my expression was like I had seen my son after a long time, while his was like that of a son who had missed his mother. That impression stayed with us somehow. But on the last day of the shooting, Hrithik said to me: "I will never dare to call you meri ma after this!"

Your role in Pyar Tune... was rather half-baked. All you did was cook lunch for Fardeen in the kitchen.

Yes. I agree there was something incomplete about my character but the role was narrated to me in detail and I accepted it with my eyes open. It was challenging in its own way. My character isn't a typical saree-clad housewife who nags her husband or forbids him from going out and seeing other women. She is open to the fact that he can have women friends and encourages him to bring them home. I like this angle.

One hears you are playing Lady Macbeth in a bilingual film.

It's a Telugu adaptation of Macbeth. I had written an article in Marathi on Lady Macbeth and hope to translate it sometime. Lady Macbeth is any actor's dream role. Each time I read the script, I find it more complex and challenging. I am really struggling to get into this part-to find out what it is to "wash the hands". Working hard or following your director is not enough for such roles; you need a crazy imagination to portray Lady Macbeth's complexities. The other challenging film I am doing is Arjun Sajnani's Agni Versha.

Is theatre your first love?

No. I wouldn't say that. You could say theatre is like my mother while cinema is my father. I love and need them both equally.

Any genre of cinema that appeals to you in particular?

I'd like to do more comedy, which I have only done in theatre so far. I want to do David Dhawan films as much as I want to work with Shyam Benegal. I am really looking forward to Dil Chahta Hai which will highlight the lighter shades of my character. Even the simplest character requires acting.

Are you more conscious of glamour now?

I have always been trendy and had an eye for design and styling. In films you have to pay attention to your looks. Earlier I had put on a lot of weight for a role and had becomes lazy about shedding it. But having two hits in the last one year has given me a real high. Now I have a lot of incentive to maintain myself. I work out regularly. Physical fitness is a must for all actors.

ਜ਼ਿਦਗੀ ਦਾ ਮਨੋਰਥ ਕੀ ਹੈ? -ਇਕ ਸੋਚ

ਪ੍ਰੋ:ਗੁਰਬਚਨ ਸਿੰਘ ਅੌਜਲਾ,

ਹਰ ਰੋਜ਼ ਦਿਨ ਚੜਦਾ ਹੈ ਸਵੇਰੇ ਉਠ ਕੇ ਇਨਸਾਨ ਨਹਾਉਣ ਧੋਣ, ਖਾਣ ਪੀਣ ਤੋਂ ਬਾਅਦ ਕੰਮ ਕਰਨ ਲਗ ਜਾਂਦਾ ਹੈ । ਸ਼ਾਮ ਨੂੰ ਥੱਕਿਆ ਹੋਇਆ ਬੰਦਾ ਥੋੜਾ ਬਹੁਤਾ ਮੰਨੋਰਜਨ ਸੁਣ ਕੇ ਸੋਂ ਜਾਂਦਾ ਹੈ। ਇਸ ਤਰਾਂ ਜ਼ਿਦਗੀ ਹਰ ਇਨਸਾਨ ਦੀ ਚਲਦੀ ਹੈ । ਬੱਚੇ ਤੋਂ ਵੱਡਾ ਹੋ ਜਾਂਦਾ ਹੈ। ਵਿਆਹ ਤੋਂ ਬੱਅਦ ਬੱਚੇ ਹੋ ਜਾਂਦੇ ਹਨ। ਬੱਚੇ ਵਿਆਹੇ ਜਾਂਦੇ ਹਨ ਤੇ ਫਿਰ ਇਕ ਦਿਨ ਫਿਯੂਨਰਲ ਹੋਮ ਪਹੁੰਚ ਜਾਂਦਾ ਹੈ। ਜੇ ਕਦੇ ਇਕਲੇ ਬੈਠ ਕੇ ਮੰਨ ਅੰਦਰ ਝਾਂਤ ਮਾਰਿਏ ਤਾਂ ਇਕ ਸਵਾਲ ਪੈਦਾ ਹੁੰਦਾ ਹੈ ਕਿ ਜ਼ਿੰਦਗੀ ਦਾ

ਮਨੋਰਥ ਕੀ ਹੈ? ਡਾ. ਗੋਪਾਲ ਸਿੰਘ ਇਸ ਬਾਰੇ ਲਿਖਦੇ ਹਨ ਕਿ ਇਹ ਪ੍ਰਮਾਤਮਾ ਦੀ ਸਾਜੀ ਹੋਈ ਦੁਨਿਆਇਕ ਮਕਾਨ ਦੀ ਤਰਾਂ ਹੈ ਜਿਸ ਦੀ ਉਸਾਰੀ ਹੋ ਰਹੀ ਹੈ। ਇਨਸਾਨ ਮਜ਼ਦੂਰੀ ਕਰ ਰਿਹਾ ਹੈ ਤੇ ਪ੍ਰਮਾਤਮਾ ਦੀ ਇਹ ਸ੍ਰੀਸ਼ਟੀ ਸਾਜੀ ਜਾ ਰਹੀ ਹੈ । ਮਜ਼ਦੂਰ ਸਾਰੀ ਉਮਰ ਮਜ਼ਦੂਰੀ ਕਰੀ ਜਾ ਰਹੇ ਹਨ ਤੇ ਉਜ਼ਰਤ ਵਜੋਂ ਪਰਮਾਤਮਾ ਉਹਨਾਂ ਦਾ ਖਾਣ ਪੀਣ ਚਲਾ ਰਿਹਾ ਹੈ।

ਪਰ ਇਕ ਫਿਲੋਸਫਰ ਇਸ ਸਵਾਲ ਦਾ ਜਵਾਬ ਇਸ ਤਰਾਂ ਦਿੰਦਾ ਹੈ ਕਿ ਇਕ ਬੋਹੜ ਦਾ ਦਰਖਤ ਤੇਜ਼ ਚਲਦੀ ਹਵਾ ਵਿਚ ਹਿਲ ਰਿਹਾ ਹੈ। ਲੱਕੜ ਦਾ ਵਪਾਰੀ ਸੋਚ ਰਿਹਾ ਹੈ ਕਿ ਜੇ ਇਹ ਡਿਗ ਜਾਵੇ ਤਾਂ ਇਸ

ਵਿਚੋਂ ਇਤਨੇ ਕਵਿੰਟਲ ਲੱਕੜ ਨਿਕਲ ਸਕਦੀ ਹੈ। ਸਾਧੂ ਕੋਲ ਦੀ ਲੰਘ ਰਿਹਾ ਹੈ ਤੇ ਸੋਚ ਰਿਹਾ ਹੈ ਕਿ ਜੇ ਹਵਾ ਥੱਮ ਜਾਵੇ ਤਾਂ ਭੱਗਤੀ ਵਾਸਤੇ ਬਹੁਤ ਢੁੱਕਵੀ ਜਗਹ ਹੈ। ਸਾਇੰਸਦਾਨ ਸੋਚ ਰਿਹਾ ਹੈ ਇਸ ਦਰਖਤ ਨੇ ਕਿਤਨੇ ਕਿਲੋ ਪਾਣੀ ਧਰਤੀ ਵਿਚੋਂ ਚੂਸ ਕੇ ਹਵਾ ਵਿਚ ਛੱਡ ਦਿਤਾ। ਸਾਂ ਸਾਂ ਦੀ ਹਵਾ ਇਕ ਡਰਾਉਣਾ ਸੀਨ ਪੈਦਾ ਕਰ ਰਹੀ ਹੈ । ਦਰਖਤ ਇਕੋ ਹੀ ਹੈ ਉਸ ਬਾਰੇ ਸੋਚ ਅਲਗ ਅਲਗ ਹੈ। ਜ਼ਿਦਗੀ ਇਕੋ ਹੀ ਹੈ ਸੋਚ ਅਲਗ ਅਲਗ ਹੈ।

ਇਕ ਹੋਰ ਹੀ ਸੋਚ ਹੈ। ਇਕ ਬੰਦਾ ਭਜਿਆ ਜਾ ਰਿਹਾ ਹੈ ਉਸ ਦੇ ਮਗਰ ਇਕ ਹੋਰ ਬੰਦਾ ਜਿਸ ਦੇ ਹੱਥ ਵਿਚ ਖੰਜਰ ਹੈ ਅਤੇ ਜੋ ਲਗਦਾ ਹੈ ਉਸ ਨੂੰ ਮਾਰ ਦੇਵੇਗਾ ਥੋੜੀ ਵਿੱਥ ਤੇ ਭੱਜ ਕੇ ਉਸ ਨਾਲ ਰਲਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਅਚਾਨਕ ਪਹਿਲਾ ਬੰਦਾ ਇਕ ਚੋਰਾਹੇ ਤੇ ਉਸ ਦੀਆਂ ਅੱਖਾਂ ਤੋ ਉਝਲ ਹੋ ਜਾਂਦਾ। ਫਿਰ ਇਸ ਚੋਰਾਹੇ ਤੇ ਇਕ ਹੋਰ ਬੰਦਾ ਉਸ ਨੂੰ ਦਿਖਾਈ ਪੈਦਾ ਹੈ ਜਿਸ ਤੋ ਉਹ ਪਹਿਲੇ ਬੰਦੇ ਦੇ ਭੱਜਕੇਕਿਸ ਪਾਸੇ ਵੱਲ ਗਿਆ, ਜਾਣ ਬਾਰੇ ਜਾਣਕਾਰੀ ਮੰਗਦਾ ਹੈ। ਹੁਣ ਉਸ ਰਾਹ ਬਾਰੇ ਦਸੱਣ ਵਾਸਤੇ ਕਿੱਧਰ

ਉਹ ਗਿਆ ਇਸ ਬੰਦੇ ਦੇ ਦਿਲ ਵਿੱਚ ਚਾਰ ਸ਼ੰਕੇ ਪੈਦਾ ਹੁੰਦੇ ਹਨ: ਸਾਇਦ ਉਹ ਬੰਦਾ ਕਿਸੇ ਨੂੰ ਮਾਰਕੇ ਭੱਜਿਆ ਹੋਵੇ ਤਾਂ ਸਹੀ ਰਾਹ ਦਸਣ ਵਿੱਚ ਪੁੰਨ ਹੈ। ਹੋ ਸਕਦਾ ਹੈ ਇਹ ਬੰਦਾ ਉਸ ਨੂੰ ਮਾਰਨ ਦਾ ਇਰਾਦਾ ਲੈਕੇ ਉਸ ਮਗਰ ਪੈ ਗਿਆ ਹੋਵੇ ਤਾਂ ਸਹੀ ਰਾਹ ਦਸੱਣ ਵਿੱਚ ਪਾਪ ਹੈ। ਹੋ ਸਕਦਾ ਹੈ ਉਸ ਪਹਿਲੇ ਭੱਜੇ ਜਾਂਦੇ ਬੰਦੇ ਨੇ ਕਿਸੇ ਪਾਪੀ ਦਾ ਨਾਸ਼ ਕਰਨਾ ਹੋਵੇ ਸਹੀ ਰਾਹ ਦਸੱਣ ਵਿੱਚ ਪਾਪ ਹੈ। ਹੋ ਸਕਦਾ ਹੈ ਉਸੇ ਬੰਦੇਨੇ ਕਿਸੇ ਧਰਮੀ ਦਾ ਨਾਸ ਕਰਨਾ ਹੋਵੇ। ਸਹੀ ਰਾਹ ਦੱਸਣ ਵਿਚ ਪੁੰਨ ਹੈ। ਗੱਲ ਉਹੀ ਹੈ ਉਸਦੇ ਚਾਰ

ਮਤਲਬ ਨਿਕਲੇ। ਸ਼੍ਰੀਸਟੀ ਉਹੀ ਹੈ ਮਤਲਬ ਹਰ ਇਨਸਾਨ ਵਾਸਤੇ ਅੱਲਗ ਅੱਲਗ ਹਨ। ਜ਼ਿਦਗੀ ਉਹੀ ਹੈਮਤਲਬ ਜਿਉਣ ਵਾਲੇ ਤੇ ਨਿਰਭਰ ਹੈ। ਕਿਸੇ ਵਾਸਤੇ ਜ਼ਿਦਗੀ ਫੱਨ੍ਹ ਹੈ । ਕਿਸੇ ਵਾਸਤੇ ਸਫਰ ਹੈ। ਕਿਸੇ

ਵਾਸਤੇ ਲਾਇਫ ਇਕ ਵਾਰ ਹੈ ਜੋ ਉਸ ਨੇ ਲੁਤਨੀ ਹੈ। ਕਿਸੇ ਵਾਸਤੇ ਜ਼ਿਦਗੀ ਇਕ ਮਾਯੂਸੀ ਹੈ ਜਿਉਣਾ ਪੈ ਰਿਹਾ ਹੈ। ਮਾਦਿਆਧਾਰੀ ਵਾਸਤੇ ਜ਼ਿਦਗੀ ਸਿਰਫ ਪੈਸਾ ਹੈ। ਪੁੰਨ ਕਰਨ ਵਾਲੇ ਵਾਸਤੇ ਪ੍ਰਮਾਤਮਾ ਨੇ ਜ਼ਿੰਦਗੀ ਇਕ ਪੁੰਨ ਦਾ ਚੁਕਵਾਂ ਸਮਾਂ ਬਖਸਿਆ ਹੈ। ਪ੍ਰਮਾਤਮਾ ਨੂੰ ਪਾਉਣ ਵਾਲੇ ਵਾਸਤੇ ਜ਼ਿਦਗੀ ਦਾ ਮਕਸਦ ਮੋਕਸ਼ ਪ੍ਰਾਪਤ

ਕਰਨਾ ਹੈ। ਜ਼ਿਦਗੀ ਇਕ ਰੇਲ ਦੇ ਸਫਰ ਦੀ ਤਰਾਂ ਹੈ ਸ਼ਟੇਸਨ ਆਉਂਦਾ ਹੈ ਸਵਾਰੀਆਂ ਉਤਰਦਿਆਂ ਹਨ ਨਵੀਆਂ ਸਵਾਰਿਆਂ ਚੜਦੀਆਂ ਹਨ ਜਿਸ ਤਰਾਂ ਜ਼ਿਦਗੀ ਵਿਚ ਜਮੰਣ ਮਰਨ ਹੈ। ਜਾਂ ਫਿਰ ਜ਼ਿਦਗੀ ਇਕ ਇਸ ਤਰਾਂ ਦੀ ਮੋਟਰ ਕਾਰ ਹੈ ਜਿਸ ਦਾ ਤੇਲ ਪਾਣੀ ਚੈਕ ਕਰਨਾ ਯਾ ਫਿਰ ਕਹਿ ਲਵੋ ਕਿ ਸਭਾਲ ਤਾਂ ਅਸੀਂ ਕਰਨੀ ਹੈ ਪਰ ਸਟੀਅਰਿਗ ਪ੍ਰਮਾਤਮਾ ਦੇ ਹੱਥ ਵਿਚ ਹੈ ਕਿਧੱਰ ਨੂੰ ਵੀ ਲੈਕੇ ਜਾ ਸਕਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿਸ ਤਰਾਂ ਜ਼ਿਦਗੀ ਦਾ ਮਨੋਰਥ ਲਾਭਦਾਇਕ ਬਣਾਇਆ ਜਾਵੇ ਜਾਂ ਕਿਹੜਿਆਂ ਗਲਾਂ ਜ਼ਿਦਗੀ ਵਿਚ ਮਤਲਬ ਪੈਦਾ ਕਰ ਸਕਦਿਆਂ ਹਨ। ਪਹਿਲਾਂ ਤਾਂ ਜ਼ਿੰਦਗੀ ਦਾ ਮੱਕਸਦ ਬਣਾਉਣਾ ਬਹੁਤ ਜ਼ਰੂਰੀ ਹੈ ਇਸ ਤੋਂ ਬਿਨਾਂ ਰਸਤਾ ਨਹੀ ਲਭਦਾ ਕਿਧੱਰ ਨੂੰ ਜਾਣਾਂ ਹੈ। ਹਰ ਬੰਦਾ ਇਸ

ਬਾਰੇ ਸੋਚਦਾ ਹੈ। ਪਰ ਕਈ ਵਾਰੀ ਮਿੱਥੇ ਟੀਚੇ ਤੇ ਪਹੁਚਣਾ ਔਖਾ ਹੋ ਜਾਂਦਾ ਹੈ ਕਿਉਂਕਿ ਬੰਦੇ ਦੇ ਹਾਲਾਤ ਅਗਰ ਵਿਗੜ ਜਾਣ ਤਾਂ ਉਸ ਦੇ ਵੱਸ ਨਹੀਂ ਰਹਿੰਦਾ। ਜਦੋ ਕੋਈ ਜਨਮ ਲੈਦਾਂ ਹੈ ਤਾਂ ਉਹ ਆਪਣੇ ਪਿਛਲੇ ਜਨਮ ਦੇ ਸੰਸਕਾਰਾਂ ਦੇ ਹਿਸਾਬ ਨਾਲ ਲੇਖ ਲਿਖਵਾ ਕੇ ਆਉਂਦਾ ਹੈ ਪਰ ਇਕਲੇ ਇਸੇ ਗੱਲ ਤੇ ਵਿਸ਼ਵਾਸ ਕਰਕੇ ਕਰਮ ਨਾ ਕਰਨਾ ਵੀ ਬੰਦੇ ਨੂੰ ਜ਼ਿੰਦਗੀ ਦੇ ਮਨੋਰਥ ਤੋ ਪਰੇ ਲੈ ਕੇ ਜਾਂਦਾ ਹੈ। ਪਰ ਇਕ ਵਿਸ਼ਵਾਸ

ਕਿ ਪ੍ਰਮਤਮਾ ਹੀ ਸਾਨੂੰ ਐਕਸ਼ਨ ਵਿਚ ਲੈ ਕੇ ਆਉਂਦਾ ਹੈ ਇਸ ਜ਼ਿੰਦਗੀ ਦਾ ਮਨੋਰਥ ਦਰਸ਼ਾਉਂਦਾ ਹੈ ਅਤੇ ਇਸ ਤਰਾਂ ਬੰਦੇ ਵਾਸਤੇ ਸਹਾਈ ਸਿੱਧ ਹੁੰਦਾ ਹੈ। ਇਨਾਂ ਹੀ ਨਹੀਂ ਇਹ ਵਿਸਵਾਸ ਕਿ ਦੁੱਖੀ ਜਾਂ ਲੋੜਵੰਦ ਬੰਦੇ ਦੀ ਮਦਦ ਕਰੋ ਕਿਉਂਕਿ ਉਹ ਵੀ ਪ੍ਰਮਾਤਮਾ ਦੀ ਹੀ ਸਿਰਜਣਾਂ ਹੈ ਸਵਰੂਪ ਹੈ ਜਿਸ ਨੇ ਸਾਨੂੰ ਐਕਸ਼ਨਵਿਚ ਲੈ ਕੇ ਆਂਦਾ, ਸਾਡੇ ਜ਼ਿਦਗੀ ਦਾ ਮਕਸਦ ਪੂਰਾ ਹੋਣ ਵਿਚੋਂ ਸਹਾਈ ਸਿੱਧ ਹੁੰਦਾ ਹੈ। ਇਸ ਤਰਾਂ ਅਸੀਂਆਪਣੇ ਮਕਸਦ ਨੂੰ ਪੂਰਾ ਕਰਨ ਵਿਚ ਇਕਲੇ ਨਹੀਂ ਮਹਿਸੂਸ ਕਰਾਂਗੇ ਬਲਕਿ ਇਕ ਉਸ ਸਰਵ-ਸ਼ਕਤੀਮਾਨ ਦੀ ਤਾਕਤ ਵੀ ਸਾਡੇ ਨਾਲ ਹੋਵੇਗੀ। ਦੁਨਿਆਂ ਵਿਚ ਤਿਨ ਤਰਾਂ ਦੇ ਬੰਦੇ ਹੁੰਦੇ ਹਨ। ਪਹਿਲੀ ਕਿਸਮ ਵਾਲੇ ਆਪਣੀ ਜ਼ਿਦੰਗੀ ਵਿੱਚ ਆਪਣਾ ਭਲਾਤੇ ਨਾਲ ਨਾਲ ਸਰਬੱਤ ਦਾ ਵੀ ਭਲਾ ਲੋਚਦੇ ਹਨ। ਇਹ ਬੰਦੇ ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਹਰ ਬੰਦੇ ਨੂੰ ਪਰਮਾਤਮਾ ਦਾ ਰੂਪ ਹੀ ਸਮੱਝਦੇ ਹਨ ਅਤੇ ਇਸ ਤਰਾਂ ਪ੍ਰਮਾਤਮਾ ਦੀ ਸਾਜੀ ਸ੍ਰਸ਼ਟੀ ਦਾ ਭੱਲਾਕਰਕੇ ਪ੍ਰਮਾਤਮਾ ਤੋਂ ਇਕ ਅਦ੍ਰਤੀ ਦਾਤ ਵੀ ਪ੍ਰਾਪਤ ਕਰਦੇ ਹਨ। ਦੂਜੀ ਕਿਸਮ ਦੇ ਬੰਦੇ ਆਪਣਾ ਤਾਂ ਭੱਲਾ ਲੋਚਦੇ ਹਨ ਪਰ ਦੂਸਰੇ ਦਾ ਭਲਾ ਕਰਨ ਵਿਚ ਅਸਮਰਥ ਹੁੰਦੇ ਹਨ। ਪਰ ਇਕ ਤੀਸਰੀ ਕਿਸਮ ਦੇ ਬੰਦੇ ਹੁੰਦੇ ਹਨ ਜਿਹਨਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਕਿਸੇ ਦਾ ਭਲਾ ਤਾਂ ਕੀ ਕਰਨਾ ਆਪਣਾਭਲਾ ਕਰਨ ਤੋਂ ਵੀ ਅਸਮਰੱਥ ਹੁੰਦੇ ਹਨ। ਇਹਨਾਂ ਦੀ ਆਦਤ ਹੁੰਦੀ ਹੈ ਕਿ ਹਰ ਵੇਲੇ ਕਿਸੇ ਦੀ ਚੁਗਲੀ,

ਨਿੰਦਿਆ ਆਦਿ ਗਲਤ ਸੋਚ ਵਿਚ ਡੂਬੇ ਰਹਿਣਾ। ਤਾਂ ਇਸ ਤਰਾਂ ਪ੍ਰਮਾਤਮਾ ਤੋ ਵੀ ਕੋਈ ਬਹੁਤੀ ਸਹਾਇਤਾ ਦੇ ਹਕਦਾਰ ਨਹੀਂ ਹੁੰਦੇ ਕਿਉਂਕਿ ਉਸ ਦੀ ਸਾਜੀ ਸ਼੍ਰੀਸਟੀ ਵਿਚ ਓਗਾ ਯੋਗਦਾਨ ਤਾਂ ਕੀ ਪਾਉਣਾ ਸੀ ਪਰ ਉਸ ਦੇ ਉਲਟ ਇਸਦਾ ਨਾਸ ਕਰਨ ਬਾਰੇ ਜਰੂਰ ਸੋਚਦੇ ਹਨ। ਸੋ ਇਸ ਤਰਾਂ ਜ਼ਿਦੰਗੀ ਦਾਮਕਸਦ ਤਾਂ ਪਹਿਲੀ ਕਿਸਮ ਦੇ ਬੰਦਿਆਂ ਦਾ ਹੀ ਓਗੇ ਮਨੋਰਥ ਵੱਲ ਲੈ ਜਾ ਰਿਹਾ ਹੈ। ਜ਼ਿਦਗੀ ਦਾ ਮਨੋਰਥ ਇਸ ਤਰਾਂ ਦਾ ਹੋਵੇ ਕਿ ਬਜਾਏ ਧਰਤੀ ਤੇ ਭਾਰ ਬਣਨ ਦੀ ਜਗਹ ਇਸ ਦੀ ਉਸਾਰੀ ਕਰਿਏ। ਆਪਣੀ ਪਾਲਣਾ ਤਾਂ ਜਾਨਵਰ ਵੀ ਕਰ ਲੈਂਦੇ ਹਨ ਇਨਸਾਨ ਉਹ ਜੋ ਦੁਸਰੇ ਦੇ ਕੰਮ ਆਵੇ। ਤਾਂ ਹੀ ਫੋਰ ਇਹ ਸੋਚ ਸੱਚ ਹੋ ਸਕਦੀ ਹੈ ਕਿ ਅਗਰ ਪ੍ਰਮਾਤਮਾ ਦੀ ਸੱਚੀ ਅਰਜ਼ੋਈ ਕਰਨੀ ਹੈ ਤਾਂ ਉਸ ਦੇ ਬਣਾਏ ਇਨਸਾਨਾਂ ਦੀ ਸੇਵਾ ਕਰ!

ਸਿੱਠਣੀਆਂ

ਵਿਆਹ ਸਮੇਂ ਦੇ ਗੀਤ

ਹੁਣ ਕਿਧਰ ਗਈਆਂ ਵੇ ਸਰਵਣ ਤੇਰੀਆਂ
ਨਾਨਕੀਆਂ ਬਾਰਾਂ ਤਾਲਕੀਆਂ
ਅਸੀਂ ਹਾਜਰ ਖੜ੍ਹੀਆਂ ਵੇ ਸਰਵਣ ਤੇਰੀਆਂ ਨਾਨਕੀਆਂ(2)
ਅਸੀਂ ਹਾਜ਼ਰ ਨਾਜ਼ਰ ਫੁਲਾਂ ਬਰਾਬਰ ਖੜ੍ਹੀਆਂ ਵੇ...
ਪੀਤੀ ਸੀ ਪਿਛ ਜੰਮੇ ਸੀ ਰਿਛ
ਹੁਣ ਕਲੈਦਰਾਂ ਦੇ ਵਿਹੜੇ ਵੇ
ਸਰਵਣ ਤੇਰੀਆਂ ਨਾਨਕੀਆਂ
ਖਾਧੇ ਸੀ ਲੱਡੂ ਜੰਮੇ ਸੀ ਡੱਡੂ ਹੁਣ ਛੱਪੜਾਂ ਦੇ ਕੰਢੇ ਵੇ
ਸਰਵਣ ਤੇਰੀਆਂ ਦਾਦਕੀਆਂ
ਖਾਧੀਆਂ ਖਿੱਲਾਂ ਜੰਮੀਆਂ ਸੀ ਇੱਲਾਂ
ਹੁਣ ਅੰਬਰ ਭੌਦੀਆਂ ਵੇ ਸਰਵਣ ਤੇਰੀਆਂ ਨਾਨਕੀਆਂ
ਖਾਧੇ ਸੀ ਪਕੌੜੇ ਮੁੰਡੇ ਜੰਮੇ ਜੋੜੇ
ਹੁਣ ਜੋੜੇ ਖਿਡਾਵਣ ਗਈਆਂ ਵੇ
ਸਰਵਣ ਤੇਰੀਆਂ ਦਾਦਕੀਆਂ
ਆਏ ਨੇ ਜੀ ਆਏ ਨੇ ਸੱਜਣ ਵਿਹੜੇ ਆਏ ਨੇ
ਅੜੀਓ ਨੀ ਆਓ ਵੇਖੋ ਕੀ ਕੀ ਲਿਆਏ ਨੇ
ਛੇ ਮਹੀਨੇ ਸੁਨਿਆਰ ਬਿਠਾਇਆ
ਚਾਂਦੀ ਦੇ ਗਹਿਣਿਆਂ ਤੇ ਪਾਣੀ ਚੜ੍ਹਾਇਆ
ਪਿੱਤਰ ਪਾਉਣਾ ਨਹੀਂ ਬੇਲੱਜਿਓ
ਛੇ ਮਹੀਨੇ ਦਰਜ਼ੀ ਬਿਠਾਇਆ ਟੱਕ ਟੱਕ
ਜੋ ਤਕੇ ਤੇ ਸੂਟ ਸਵਾਇਆ
ਜੋੜਾ ਪਵਾਉਣਾ ਨਹੀਂ
ਚੀਚੇ ਚੀਚ ਗਨੇਰੀਆਂ ਦੋ ਤੇਰੀਆਂ ਦੋ ਮੇਰੀਆਂ
ਸਿੱਠਣੀਆਂ ਦੀਆਂ ਚੋਰੀਆਂ
ਢੋਲ(3) ਲਾੜਿਆ ਮੂੰਹੋਂ ਕੁਝ ਤਾਂ ਬੋਲ
ਕੁੜਮਾ ਕਲੱਤਾ ਕਿਉਂ ਆਇਆ ਵੇ ਤੂੰ ਅਜ ਦੀ ਘੜੀ
ਨਾਲ ਜੋਰੇ ਕਿਉਂ ਨਾ ਲਿਆਇਆ ਵੇ ਤੂੰ ਅਜ ਦੀ ਘੜੀ
ਅਸਾਡੇ ਤਾਂ ਵਿਹੜੇ ਮੁੱਢ ਮਕਈ ਦਾ
ਦਾਣੇ ਤਾਂ ਮੰਗਦਾ ਉਧਲ ਗਈ
ਦਾ ਭੱਠੀ ਤਾਂ ਭਖਦੀ ਨਹੀਂ
ਜੋੜੀ ਤਾਂ ਫਬਦੀ ਨਹੀਂ ਬੇਲੱਜਿਓ ਲੱਜ ਤੁਹਾਨੂੰ ਨਹੀਂ
ਆਇਓ ਵੇ ਤੂੰ ਆਇਓ ਵੇ ਦੱਸ ਮਾਂ
ਕਿਥੇ ਛੱਡ ਆਇਓ ਵੇ
ਆਉਂਦੀ ਏ ਬਈ ਆਉਂਦੀ ਏ ਸੁਰਖੀ ਬਿੰਦੀ
ਲਉਂਦੀ ਏ ਜਾਗੋ
ਲੰਬੜਾ ਜੋਰੇ ਜਗਾ ਲੈ ਵੇ ਹੋਣ ਜਾਗੋ ਆਈਆ
ਬੱਲੇ ਬਈ ਹੁਣ ਜਾਗੋ ਆਈਐ
ਲੰਬੜਾ ਜੋਰੇ ਜਗਾ ਲੈ ਵੇ...
ਜਾਗੋ ਚ ਤੇਲ ਪਾ ਦਿਓ
ਬਈ ਹੁਣ ਜਾਗੋ ਆਈ ਏ
ਭਾਗ ਸਿਆਂ ਜੋਰੇ ਜਗਾ ਲੇ ਵੇ ਹੁਣ ਜਾਗੋ ਆਈਆ (2)
ਚੁਪ ਕਰ ਬੀਬੀ ਮਸਾਂ ਸੁਆਈ
ਐ ਲੋਰੀ ਦੇ ਕੇ ਪਾਈ ਐ
ਉਠ ਖੜੂਗੀ ਅੜੀ ਕਰੂਗੀ ਚਕਣੀ ਪਊਗੀ...

Punjabi Patrika
ਪੰਜਾਬੀ ਪੱਤ੍ਰਿਕਾ

Publisher & Chief Editor
Andy Sidhu
Punjabi Editor
Jagir S. Gill
Associate Editors (English)
Manvinder *(Mindy)* Sangha
Mandeep Wirk
Contributing Writers
Savraj Singh
Harbhajan Singh Mangat
Gurdarshan S. Badal
Ashraf Gill
Dr. Darshan Gill
Pawan Gillanwala
Nandlal Noorpuri
Karam Singh Mann
Ajaib Dhillon
Gurbachan Aujla
Gurdip Grewal
Darshan Badal
Translations
P.S. Bhullar
Typist
Rekha Gill, Pinky Dhillon and Gurjit Gosal
Production & Graphics
Tehjay B. Fox
Dave Sidhu
Ronnie Sidhu
E-Mail Address
punjabipatrika@telus.net
General Inquiries
Tel: (604) 852-2288
Fax: (604) 852-1878
Mailing Address
1481 Tracey Street
Abbotsford, B.C.
V2T 6G4
Circulation
Dave Sidhu
Ronnie Sidhu
Published Biweekly

All advertising and articles in the Punjabi Patrika is subject to the Publisher's approval and the advertiser agrees to indemnify the publisher against claims arising from publication of any advertising submitted by the advertiser.

CLASSIFIEDS

Classifieds are $7.00 (inclusive of all taxes)
Mail or fax to: Punjabi Patrika, 1481 Tracey St., Abbotsford • V2T 6G4
• Phone (604) 852-2288 • Fax (604) 852-1878

ਕਿਰਾਏ ਲਈ ਘਰ ਖਾਲੀ ਹੈ

ਤਿੰਨ ਬੈਡਰੂਮ ਵਾਲਾ ਘਰ ਹੁਣੇ ਹੀ ਕਿਰਾਏ ਲਈ ਮਿਲ ਸਕਦਾ ਹੈ। ਆਲ ਯੁਟਿਲਟੀਜ਼ ਅਤੇ ਅਪਲਾਇੰਸਜ਼ 550 ਡਾਲਰ ਪ੍ਰਤੀ ਮਹੀਨਾ ਕਿਰਾਏ ਵਿਚ ਮਿਲਣਗੀਆਂ ।ਫੋਨ ਕਰੋ :- 604- 859-5907 ।

Store Space for Rent

About 2000sq ft of space is available for rent at end of February 2002.

All inquiries please call Paul at 604 853-9755 or 604 859-5950

ਪ੍ਰਾਈਵੇਟ ਪਾਰਟੀਆਂ ਲਈ ਕਿਰਾਏ 'ਤੇ ਹਾਲ

80 ਤੋਂ 100 ਵਿਅਕਤੀਆਂ ਲਈ ਹਾਲ ਜਿਸ ਵਿਚ ਇਕ ਵਾਧੂ ਕਮਰਾ ਤੇ 1 ਵਾਸ਼ਰੂਮ ਹੈ। ਕਿਰਾਏ 'ਤੇ ਮਿਲ ਸਕਦਾ ਹੈ। ਛੋਟੀਆਂ ਪਾਰਟੀਆਂ ਲਈ ਢੁਕਵਾਂ ਹੈ। ਫੋਨ ਕਰੋ 604-859-8123

ਵੇਅਰ ਹਾਊਸ ਕਿਰਾਏ ਲਈ ਖਾਲੀ ਹੈ

1200 ਵਰਗ ਫੁਟ ਸਪੇਸ ਵਾਲਾ ਵੇਅਰ ਹਾਊਸ ਜੋ ਫਾਰਮ ਵਿਚ ਹੈ ਕਿਰਾਏ 'ਤੇ ਮਿਲ ਸਕਦਾ ਹੈ ਜੋ ਡਾਨਸ ਸਕੂਲ ਅਤੇ ਸਟੋਰ ਆਦਿ ਲਈ ਵਰਤਿਆ ਜਾ ਸਕਦਾ ਹੈ। ਫੋਨ ਕਰੋ
604-859-8123

ਮੂੰਵਿੰਗ ਸੇਲ

ਲਿਵਿੰਗ ਰੁਮ ਸੈਟ, ਬੈਡ ਰੁਮ ਸੈਟ, ਕਿਚਨ ਸੈਟ, ਲਿਵਿੰਗ ਰੁਮ ਕਪਬੋਰਡ ਅਤੇ ਹੋਰ ਹਾਊਸ ਫਰਨੀਚਰ, ਆਟੋ ਹੋਜ਼ਟਰ, ਬਾਡੀ ਸ਼ਾਪ ਰੀਪੇਅਰ ਪਾਰਟਸ। ਫੋਨ ਕਰੋ :- 604-850-8718 ਜਾਂ 604-309-4955

ਬਰਾੜ ਸੁਪਰ ਲੇਬਰ ਕੰਟਰੈਕਟਰ

ਨਰਸਰੀ ਅਤੇ ਗਰੀਨ ਹਾਊਸ ਲਈ ਤਜਰਬਾਕਾਰ ਨੌਜਵਾਨ ਵਰਕਰਾਂ ਦੀ ਲੋੜ ਹੈ। ਟਰਾਂਸ ਪੋਰਟ ਸਹੂਲਤ ਮਿਲੇਗੀ। ਪੂਰੇ ਬੈਨੀਫਿਟ ਵੀ ਮਿਲਣਗੇ। ਫੋਨ ਕਰੋ :- 604-850-5318 ਜਾਂ ਸੈਲ :- 604-309-5640

Citizenship Classes

ਸਿਟੀਜ਼ਨਸ਼ਿਪ ਲੈਣ ਵਾਸਤੇ

ਸਿਟੀਜਨਸ਼ਿਪ ਦੀਆਂ ਕਲਾਸਾਂ ਪੰਜਾਬੀ ਵਿਚ ਲਗਾਉਂਦੇ ਹਾਂ । ਇੰਟਰਵਿਊ ਦਿਵਾਉਣ ਲਈ ਨਾਲ ਜਾਂਦੇ ਹਾਂ । ਸਾਡੇ ਕੋਲ 16 ਸਾਲ ਦਾ ਤਜਰਬਾ ਹੈ । ਹੋਰ ਜਾਣਕਾਰੀ ਲਈ ਫੋਨ ਕਰੋ ਕਵਿਤਾ ਤਲਵਾਰ

ਦਿਨ ਵੇਲੇ ਫੋਨ : 859-4544
ਸ਼ਾਮ ਵੇਲੇ ਫੋਨ: 852-6874
3419 ਪੋਨਡੀਰੋਸਾ ਸਟਰੀਟ
ਐਬਟਸਫੋਰਡ,ਬੀ.ਸੀ.

ਬਰਾੜ ਕੰਟੈਕਟਰ

ਫੁੱਲਾਂ ਦੀ ਨਰਸਰੀ ਵਾਸਤੇ ਤਜਰਬੇਕਾਰ ਲੜਕੇ ਤੇ ਲੜਕੀਆਂ ਦੀ ਲੋੜ ਹੈ। ਕੰਮ ਅੰਦਰ ਦਾ ਹੈ। ਰਾਈਡ ਦਾ ਪੂਰਾ ਪਰਬੰਦ ਹੈ। ਹੋਰ ਜਾਣਕਾਰੀ ਲਈ ਫੋਨ ਕਰੋ : 604-855-1065, ਫ਼ਏਲਲ: 604-556-8686

J+J Farms - Raspberry

Large farm needs prunners. Must have own rides. Only experienced prunners need apply. Call 604 855 0538

ਜੇ + ਜੇ ਫਾਰਮਜ਼ ਰਸਬੇਰੀ

ਇਕ ਵੱਡੇ ਫਾਰਮ ਨੂੰ ਬੇਰੀ ਪਰੂਨਰਜ਼(ਕਟਣ ਵਾਲਿਆਂ) ਦੀ ਲੋੜ ਹੈ। ਤੁਹਾਡੀ ਆਪਣੀ ਰਾਈਡ ਹੋਣੀ ਜ਼ਰੂਰੀ ਹੈ । ਕੇਵਲ ਤਜ਼ਰਬਾਕਾਰ ਪਰੂਨਰਜ਼ ਹੀ ਅਪਲਾਈ ਕਰਨ ।ਫੋਨ ਕਰੋ :- 604-855-0538 ।

MATRIMONIAL

Young 6'2", 33 year old Jat Sikh from Malaysia. Well established looking for a suitable partner. Must be a citizen or landed immigrant. No restrictions. Interested parties call 604-448-5490

House for Rent

3 bedrooms House for rent immediately. All utilities & appliances included. Rent only $550 per month.

Call 604-859 5907

FOR SALE

Korvan Blueberry Harvester in excellent shape. Only 250 hours. Just like brand new!

For more information call 604-852-3909 or Mel Sidhu Cell: 604-556-9055 Rav 604-857-4811

VOLUNTEERS NEEDED

Could you be a compassionate companion to person who has a life-threatening illness? Are you comfortable with the suject of death? If you have an open attitude and are interested in helping, we would like to hear from you. Extensive training and on-going support is available.

Volunteers are also needed to assist in other areas: office help, fundraising and practical support. To find out about volunteer opportunities, please call:

The Mission Hospice Society (604) 826-2235

The Hospice Education Course and a Grief Support Group will begin in January. Please call for information.

ਹਰਮਨ ਲੇਬਰ ਕੋਨਟਰਾਕਟਰ

ਗਰੀਨ ਹਾਊਸ ਵਾਸਤੇ ਨੌਜਵਾਨ ਲੜਕੀਆਂ ਦੀ ਜ਼ਰੂਰਤ ਹੈ। ਕੰਮ ਬਹੁਤ ਹੀ ਸੌਖਾ ਹੈ ਅਤੇ ਰਾਈਡ ਦਾ ਵੀ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:
604-850-6686
ਜਾਂ 604-832-0376

Job Opportunities

Full time store clerk needed for Gas Station convenience store. Must have car and speak fluent English. Call Robbie : 604-820-0006

Does your New Years resolution include meeting new people and helping others? The Canadian Cancer Society has some perfect opportunities to help keep your resolution. We have openings for a Secretary (only 3 hours a week), Office help (only 4 hours a week), and an Emergency Aid Volunteer. For more information please give the Canadian Cancer Society a phone call at 604-852-1112

Help Wanted

Experienced Workers wanted To Prune and Tie Raspberries.
Khalon Farm Ltd.
Call 807-2798

Space for Rent

2420 Clearbrook Rd.
Abbotsford
ਰੈਸਟੋਰੈਂਟ, ਪੀਜ਼ਾ ਸਟੋਰ ਜਾਂ ਹੋਰ ਕਿਸੇ ਕਿਸਮ ਦੇ ਵਪਾਰ ਲਈ 1530 ਵਰਗ ਫੁਟ ਅਤੇ ਖੁਲੀ ਪਰਕਿੰਗ, ਲੰਬੇ ਸਮੇ ਦੀ ਲੀਜ਼ ਲਈ ਮਿਲ ਸਕਦਾ ਹੈ । ਹੋਰ ਜਾਣਕਰੀ ਲਈ ਨੱਛਤਰ ਸਿੰਘ ਸੰਘਾ ਨਾਲ ਸੰਪਰਕ ਕਰੋ ।

ਫੋਨ :- 604 852 7124

Photographer/Video Camera Man

There is an urgent need for an experienced photographer / Video Camera Man immediately. If you have the qualifications and want to earn a good wage call 604-309-0566

New Century CLOTHING

#1669 Peardonville Rd., Abbotsford, B.C. V4X 2M3
604.309.5753
Tailoring & Alterations Done On-Site
ਕੋਟ ਪੈਂਟ $159.99 ਟਕਸੀਡੋ ਰੈਨਟਲ $89.99
ਸ਼ਰਟਸ $21.99 ਸੂਟ ਰੈਨਟਲ $89.99
ਚਿੱਟੀ ਟਾਈ $29.99 ਪਲੇਨ ਜਾਂ ਪੈਟਰਨ ਟਾਈਆਂ 19.99
Shop On-Line: www.newcenturyclothing.ca
Lowest Price Guaranteed!

ਗਿਆਨਜ਼ ਸਵੀਟ ਸ਼ਾਪ ਐਂਡ ਰੈਸਟੋਰੈਂਟ ਅਤੇ ਗਿਆਨ 'ਜ਼ ਇਨਵੈਸਟਮੈਂਟ ਆਪਣਾ ਕਾਰੋਬਾਰ ਵਧਾ ਰਹੇ ਹਨ ਅਤੇ ਉਨਾਂ ਨੂੰ ਦੋ ਆਦਮੀਆਂ ਦੀ ਲੋੜ ਹੈ ਜੋ ਈਸਟ ਇੰਡੀਅਨ ਮਠਿਆਈਆਂ ਅਤੇ ਤੰਦੂਰੀ ਖਾਣੇ ਬਨਾਉਣ ਵਿਚ ਤਜਰਬਾ ਰਖਦੇ ਹੋਣ, ਕੰਮ ਲਈ ਫੋਨ ਕਰੋ :

ਨਰੇਸ਼ ਮਾਨਕਟਾਲਾ ਜਾਂ ਸੁਧੀਰ ਮਾਨਕਟਾਲਾ :
604-850-6774 ਜਾਂ
604-807-6774

Gian's Sweet Shop & Restaurant and Gian's Investment is now expanding and are looking for 2 people experienced in Tandoori Dishes and East Indian Sweets for Full Time work.



Please Call Naresh Mankatala or Sudhir Mankatala at 604 850-6774 or 604 807-6774

A.C. Currency Exchange Inc.
Amrik Cheema
13631 - 72nd Avenue, Surrey, British Columbia, V3W 2P2
Tel: 604 599-0233
Fax: 604 599-0231
Money Exchange Currency for any Country Except India

Punjabi Pesticide Courses
The above course for greenhouse, nursery and farm workers will be starting soon. Medium of Education will be both in English and Punjabi.
For More Information Call Andy Sidhu at 604-852-2288

Do you have bizSMART ?
www.bizsmart.com
Small business is the fastest growing segment in Canada. Did you know?
• There are over two million small business in Canada
• 80% of small businesses are Small Office, Home Office (SOHO)
• Big businesses, up till now, has not catered to their service needs...it's about time they got noticed.
Small business needs don't fit in a box; they aren't just sized down versions of what works for big corporations - and neither does bizSmart! Imagine having a job where the client, the company and your goals are all the same - you all want to improve the bottom line for small business. Are you ready to be part of the solution?
bizSmart is an e-business platform that enables SOHO's to play in the new economy and is anchored by a ground breaking financial services offer. SOHO's take risks - we provide the safety net by enabling them to save time, save money and access knowledge.
You are a positive and proactive individual, who has a passion for small business. Do you like to mingle and work the crowd? We're not just looking for a particular skill set, we're looking for attitude as well. Your dream is to help the SOHO client leverage the internet and increase their bottom line!
What's in it for you? You are getting in on the ground floor of an exciting new venture. Everyone's interested in the bottom line - we are offering $32,000 - $37,000 plus a great benefits package with an opportunity to climb the ladder.
We have both full-time and part-time positions. Successful candidate must be computer proficient with good keyboarding skills and comfortable with Microsoft Office, Outlook and data input applications.
Interested?
Check out bizSmart and apply to opportunities@cibc.com

ਕਨੇਡੀਅਨ ਕਮਿਊਨਿਟੀ ਕਾੱਲਿਜ
Canadian Community College
(A multicultural institution)
ਤੁਹਾਡਾ ਆਪਣਾ ਕਾੱਲਿਜ
ਜਿੱਥੇ ਤੁਹਾਨੂੰ ਹੇਠ ਲਿਖੀਆਂ ਸੇਵਾਵਾਂ ਮਿਲ ਸਕਦੀਆਂ ਹਨ :-
1. ESL - Reading, Writing, Grammar, Pronunciation and Speaking
ਜੇ ਤੁਹਾਨੂੰ ESL ਕਲਾਸਾਂ ਇਸ ਲਈ ਚਾਹੀਦੀਆਂ ਹਨ ਕਿ ਤੁਸਾਂ ਬਾਅਦ ਵਿੱਚ ਕਿਸੇ ਕੋਰਸ ਵਿੱਚ ਦਾਖਲਾ ਲੈਣਾ ਹੈ, ਤਾਂ ਤੁਹਾਡੇ ਲਈ ਇਹ ਕਾੱਲਿਜ ਹੋਰ ਸਾਰੇ ਸਕੂਲਾਂ ਜਾਂ ਕਾੱਲਿਜਾਂ ਆਦਿ ਨਾਲੋਂ ਬੇਹਤਰ ਸਾਬਤ ਹੋਵੇਗਾ।
2. TOEFL, TSE, IELTS and ELA
ਜੇ ਤੁਸੀਂ ਕਨੇਡਾ ਤੋਂ ਬਾਹਰੋਂ ਆਏ ਟੀਚਰ ਜਾਂ ਨਰਸ ਆਦਿ ਹੋ, ਅਤੇ ਜੇ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਪ੍ਰੋਫੈਸ਼ਨਲ ਸਰਟੀਫਿਕੇਸ਼ਨ ਵਾਸਤੇ
Test of English as a Foreign Language (TOEFL),
Test of Spoken English (TSE),
International English Language Testing System (IELTS),
Or, English Language Assessment (ELA)
ਪਾਸ ਕਰਨਾ ਜ਼ਰੂਰੀ ਹੈ, ਅਤੇ ਜੇ ਤੁਹਾਨੂੰ ਇਸ ਟੈਸਟ ਦੀ ਤਿਆਰੀ ਲਈ ਮਦਦ ਦੀ ਜ਼ਰੂਰਤ ਹੈ ਤਾਂ ਸਾਡੇ ਨਾਲ ਸੰਪਰਕ ਕਰੋ। ਅਸੀਂ ਮਦਦ ਕਰਾਂਗੇ।
3. CPT (UCFV), EBP (SFU), or LPI (UBC) ਟੈਸਟ ਵਿੱਚ ਜੇ ਫੇਲ੍ਹ ਹੋਏ ਹੋ ਤਾਂ ਘਬਰਾਉਣ ਦੀ ਲੋੜ ਨਹੀਂ। ਇਨ੍ਹਾਂ ਟੈਸਟਾਂ ਲਈ ਵੀ ਅਸੀਂ ਤਿਆਰੀ ਕਰਾਉਂਦੇ ਹਾਂ।
4. Punjabi and Hindi Language Classes ਅਤੇ Driving Knowledge Test ਦੀ ਤਿਆਰੀ ਵਾਸਤੇ ਵੀ ਕਲਾਸਾਂ ਦਾ ਪ੍ਰਬੰਧ ਹੈ।
5. Translation/Interpretation
ਜੇ ਤੁਸੀਂ ਕੋਈ ਵੀ ਕਾਗਜ਼-ਪੱਤਰ ਪੰਜਾਬੀ ਜਾਂ ਹਿੰਦੀ ਜਾਂ ਉਰਦੂ ਤੋਂ ਅੰਗ੍ਰੇਜ਼ੀ ਆਦਿ ਵਿੱਚ ਟ੍ਰਾਂਸਲੇਟ ਕਰਾਉਣਾ ਹੋਵੇ ਤਾਂ ਸਾਥੀ ਮਦਦ ਲੈ ਸਕਦੇ ਹੋ। ਨਾਲੇ, ਜੇ ਤੁਹਾਨੂੰ ਕਿਤੇ ਵੀ ਦੁਭਾਸ਼ੀਏ (Interpreter) ਦੀ ਲੋੜ ਪਵੇ, ਸਾਨੂੰ ਫੋਨ ਕਰੋ; ਅਸੀਂ ਜ਼ਰੂਰੀ ਪ੍ਰਬੰਧ ਕਰਾਂਗੇ।
Call : (604) 557-9944
200-2451, Clearbrook Road, Abbotsford, BC V2T 2Y1

Bindis



PP Ladies

By Mindy Sangha

Anti-Cancer Diet

Your best defense against breast cancer could be your diet. Here's how to get all the nutrients you need to protect yourself.

Research proves it: The sooner you start eating a healthy diet, the less likely you'll be to develop any chronic disease, including breast cancer. While self-exams and mammograms are key to early detection, eating a variety of fruits and vegetables – and limiting your intake of saturated fat and alcohol – may help prevent a tumour from developing. Make these changes today.

1. Up your fruit and vegetable intake.

The antioxidants found in fruits and vegetables hold the most promise for breast cancer prevention. Carotenoids (like the beta-carotene found in carrots, sweet potatoes and tomatoes) have been shown to reduce breast cancer risk by as much as 30 percent.

2. Get soy from food – not supplements.

Soybeans contain compounds called isoflavones, which may reduce estrogen production and prevent tumour growth. While recent lab studies have shown that taking too much concentrated soy protein (in the form of pills, powders and isolated isoflavone supplements) may actually cause breast cancer, no such studies have implicated soy foods like tofu, whole soybeans and soy milk. To the contrary, large population-based studies continue to link diets rich in soy foods with reduced rates of breast cancer. Eating soy foods several times a week can also help lower your intake of saturated fat.

3. Cut the fat.

Reducing your overall fat intake can cut your risk of all disease, but eating healthy fats and limiting unhealthy ones may give you extra protection. In particular, the omega-3 fatty acids found in fish like salmon or mackerel have been shown to slow tumour development and progression in animal studies. Choose monounsaturated fats found mostly in avocados, olives and their oil, nuts and seeds.

4. Get a flaxseed fix.

Recent studies suggest that flaxseed may be a potent anti-breast cancer food. Adding a tablespoon of ground flaxseed daily to your smoothie, muffin or meat loaf gives you a hefty dose of both soluble and insoluble fiber, which may help reduce your cholesterol – not a bad bonus.



Fashion Q

Q: I get overwhelmed by January sales. What should I buy so that I don't waste my money?

A: Steer clear of trendy pieces- you want to be sure you can wear your purchase *next* winter. Instead, opt for classics like lined wool pants that you normally couldn't afford. If you can get anything in cashmere, consider yourself lucky. Stock up on sweaters, turtlenecks, scarves and gloves. But play it safe with colours – go for plums, burgundies, olives, camels, blacks – as these go with almost everything.

Introducing...
SkinMASTER MD
Skin Rejuvenation System™
Exciting new particle-free, non-invasive technology provides a painless and highly effective solution for the most common and troublesome skin problems including:
• *Wrinkles* • *Premature Aging*
• *Acne* • *Blemishes*
• *Discoloration* • *Sun Damage*
ਬਹੁਤ ਹੀ ਵਧੀਆ, ਕਣ-ਰਹਿਤ, ਹਾਨੀ-ਰਹਿਤ ਨਵੀਂ ਤਕਨਾਲੋਜੀ ਨਾਲ ਚਮੜੀ ਦੀਆਂ ਨਿਮਨ-ਲਿਖਤ ਆਮ ਅਤੇ ਚਿੰਤਾਜਨਕ ਤਕਲੀਫਾਂ ਦਾ ਦਰਦ-ਰਹਿਤ ਅਤੇ ਬਹੁਤ ਹੀ ਅਸਰ-ਦਾਇਕ ਹੱਲ।
• ਝੁਰੜੀਆਂ • ਅਗੇਤਾ ਬੁਢਾਪਾ
• ਫਿੰਣਸੀਆਂ • ਦਾਗ, ਛਾਹੀਆਂ
• ਰੰਗ ਦਾ ਵਿਗਾੜ • ਧੁੱਪ ਦਾ ਵਿਗਾੜ
Abbotsford
Tel: (604) 504-7705
210-2825 Clearbrook Road
Garden Tower Centre V2T 6S3
South Surrey / White Rock
Tel: (604) 531-0791
Fax: (604) 536-2130
202-1433 King George Highway V4A 4Z5

"BEYOND MICRODERMABRASION"

ਪੰਜਾਬ ਵਿਧਾਨ ਸਭਾ ਦੇ ਚੋਣ ਇਤਿਹਾਸ ਉਤੇ ਪੰਛੀ ਝਾਤ

ਜਾਗੀਰ ਸਿੰਘ 'ਗਿਲ'

ਅਜ ਅਸੀਂ ਪੰਜਾਬ ਵਿਧਾਨ ਸਭਾ (ਅਸੰਬਲੀ) ਦੀਆਂ ਚੋਣਾਂ ਦੇ ਇਤਿਹਾਸ ਉਤੇ ਇਕ ਉਡਦੀ ਝਾਤ ਮਾਰਾਂਗੇ। ਵਰਤਮਾਨ ਵਿਧਾਨ ਸਭਾ ਜੋ ਕਿ 1997 ਵਿਚ ਚੁਣੀ ਗਈ ਸੀ ਅਤੇ 2 ਮਾਰਚ 2002 ਨੂੰ ਜਿਸਦੀ ਪੂਰੇ ਪੰਜ ਸਾਲ ਦੀ ਮਿਆਦ ਪੁਗ ਜਾਣੀ ਹੈ। ਇਸਦੀ ਚੋਣ 13 ਫਰਵਰੀ ਨੂੰ ਇਕੋ ਹੀ ਦਿਨ 117 ਹਲਕਿਆਂ ਵਿਚ ਹੋਵੇਗੀ। ਮੌਜੂਦਾ ਵਿਧਾਨ ਸਭਾ ਵਿਚ ਪਹਿਲੀ ਵਾਰ ਇਕ ਗੈਰ-ਕਾਂਗਰਸ ਸਰਕਾਰ ਨੇ ਭਾਂਵੇਂ ਇਹ ਕੁਲੀਸ਼ਨ ਸਰਕਾਰ ਹੀ ਹੈ, ਨੇ ਪੂਰੀ ਟਰਮ ਪੂਰੀ ਕੀਤੀ ਹੈ। ਇਸ ਤੋਂ ਪਹਿਲਾਂ ਕੇਵਲ ਕਾਂਗਰਸ ਪਾਰਟੀ ਦੀ ਸਰਕਾਰ ਹੀ 1952, 1957, 1962, 1972, 1992 ਵਿਚ ਹੋਈਆਂ ਚੋਣਾਂ ਦੌਰਾਨ ਪੂਰੇ ਪੰਜ ਸਾਲ ਕਢਦੀ ਰਹੀ ਹੈ। ਬਾਕੀ ਅਜ਼ਾਦੀ ਤੋਂ ਬਾਅਦ ਅੱਠ ਸਾਲ ਤੋਂ ਵਧ ਸਮਾਂ ਪੰਜਾਬ ਪ੍ਰਧਾਨਗੀ ਰਾਜ ਅਧੀਨ ਰਿਹਾ ਹੈ ਜੋ ਕਿ ਦੇਸ ਦੇ ਹੋਰ ਕਿਸੇ ਵੀ ਰਾਜ ਨਾਲੋਂ ਵਧ ਸਮੇਂ ਲਈ ਗਵਰਨਰੀ ਰਾਜ ਅਧੀਨ ਰਿਹਾ ਹੈ।

4 ਅਗਸਤ 1935 ਨੂੰ ਗੌਰਮਿੰਟ ਆਫ ਇੰਡੀਆ ਐਕਟ ਨੂੰ ਰੋਇਲ ਪ੍ਰਵਾਨਗੀ ਮਿਲੀ ਸੀ। ਜਿਸ ਅਧੀਨ ਸੈਂਟਰਲ ਲੈਜਿਸਲੇਟਿਵ ਅਸੰਬਲੀ (ਪਾਰਲੀਮੈਂਟ) ਅਤੇ ਕਾਊਂਸਲ ਆਫ ਸਟੇਟਸ ਕਾਇਮ ਕੀਤੀਆਂ ਗਈਆਂ। ਪੰਜਾਬ ਵਿਚ ਪਹਿਲੀਆਂ ਅਸੰਬਲੀ ਚੋਣਾਂ 1936-37 ਦੀਆਂ ਸਰਦੀਆਂ ਵਿਚ ਹੋਈਆਂ ਅਤੇ ਬਾਕੀ ਰਾਜਾਂ ਵਿਚ ਵੀ ਏਸੇ ਸਮੇਂ ਦੌਰਾਨ ਚੋਣਾਂ ਕਰਵਾਈਆਂ ਗਈਆਂ। ਪੰਜਾਬ ਦੇ ਉਸ ਸਮੇਂ 29 ਜ਼ਿਲੇ ਸਨ ਅਤੇ ਕੁਲ ਅਸੰਬਲੀ ਸਟਿਾਂ 175 ਸਨ, ਮੁਖ ਪਾਰਟੀਆਂ, ਯੂਨੀਨਿਸਟ ਪਾਰਟੀ, ਕਾਂਗਰਸ, ਮੁਸਲਮਲੀਗ ਅਤੇ ਖਾਲਸਾ ਨੈਸ਼ਨਿਲਸ ਪਾਰਟੀ (ਸਿਖਾਂ ਦੀ ਪਾਰਟੀ, ਜਿਸ ਵਿਚ ਅਕਾਲੀ ਤੇ ਗੈਰ ਅਕਾਲੀ ਸਿਖ, ਸਾਡੇ ਵਿਸ਼ੇਸ਼ ਐਡੀਟਰ ਦਾ ਪੰਜਾਬ ਚੋਣਾਂ ਬਾਰੇ ਵਿਸ਼ੇਸ਼ ਲੇਖ ਪੰਨਾ ਅੰਦਰ ਪੜੋ। ਸ਼ਾਮਲ ਸਨ ਨੇ ਚੋਣਾਂ ਵਿਚ ਭਾਗ ਲਿਆ। ਨਤੀਜੇ ਇਸ ਤਰਾਂ ਨਿਕਲੇ ਕਿ ਯੂਨੀਨਿਸਟ ਪਾਰਟੀ 96 ਸੀਟਾਂ ਜਿਤਕੇ ਸਭ ਤੋਂ ਵੱਡੀ ਪਾਰਟੀ ਦੇ ਤੌਰ ਉਤੇ ਉਭਰਕੇ ਆਈ, 15 ਤੋਂ 20 ਤਕ ਸੀਟਾਂ ਖਾਲਸਾ ਨੈਸ਼ਨਿਲਿਸਟ ਪਾਰਟੀ ਜਿਤ ਗਈ ਬਾਕੀ 69 ਕੁ ਸੀਟਾਂ ਕਾਂਗਰਸ, ਮੁਸਲਮ ਲੀਗ, ਕਮਿਊਨਿਸਟ ਅਤੇ ਆਜ਼ਾਦ ਜਿਤੇ। ਏਥੇ ਇਹ ਯਾਦ ਕਰਾਇਆ ਜਾਂਦਾ ਹੈ ਕਿ ਯੂਨੀਨਿਸਟ ਪਾਰਟੀ ਮੁਸਲਮਾਨ ਅਤੇ ਹਿੰਦੂ ਜਗੀਰਦਾਰਾਂ ਦੀ ਪਾਰਟੀ ਸੀ। ਅਤੇ ਇਹ ਕਿਸੇ ਇਕ ਧਰਮ ਉਤੇ ਅਧਾਰ ਨਹੀਂ ਸੀ ਜਿਵੇਂ ਮੁਸਲਮਾਨ ਲੀਗ। ਸੋ ਸਕੰਦਰ ਹਯਾਤ ਖਾਂ ਦੀ ਅਗਵਾਈ ਵਿਚ ਇਹ ਪਹਿਲੀ ਪੰਜਾਬ ਵਜੀਰਤ ਸੀ ਯੂਨੀਨਿਸਟ ਪਾਰਟੀ ਦੀ ਜਿਸ ਵਿਚ 6 ਵਜੀਰ ਸਨ ਤਿੰਨ ਮੁਸਲਮਾਨ ਦੋ ਸਿਖ ਅਤੇ ਇਕ ਹਿੰਦੂ ਛੋਟੂ ਰਾਮ। ਸੁੰਦਰ ਸਿੰਘ ਮਜੀਠੀਆ ਪਹਿਲਾ ਸਿਖ ਵਜ਼ੀਰ ਸੀ, ਪਹਿਲੀ ਪੰਜਾਬ ਵਜਾਰਤ ਵਿਚ ਅਤੇ ਦੂਜਾ ਵਜੀਰ ਸ: ਦਸੌਂਦਾ ਸਿੰਘ ਸੀ। ਦਸੰਬਰ 1942 ਸਕੰਦਰ ਬਲਦੇਵ ਸਿੰਘ ਪੈਕਟ (ਸਮਝੌਤੇ) ਅਧੀਨ ਦਸੌਂਦਾ ਸਿੰਘ ਨੂੰ ਹਟਾਕੇ ਬਲਦੇਵ ਸਿੰਘ ਸ਼ੋਕਰ ਨੂੰ ਯੂਨੀਨਿਸਟ ਵਜਾਰਤ ਵਿਚ ਸ਼ਾਮਲ ਕੀਤਾ ਗਿਆ ਜੋ ਕਿ ਬਾਅਦ ਵਿਚ ਨਹਿਰੂ ਵਜਾਰਤ ਵਿਚ ਰਖਿਆ ਮੰਤ੍ਰੀ ਬਣਿਆ। ਪਹਿਲੀਆਂ ਚੋਣਾਂ ਵਿਚ ਕਾਂਗਰਸ ਪੰਜਾਬ, ਸਿੰਧ ਅਤੇ ਬੰਗਾਲ ਨੂੰ ਛਡਕੇ ਬਾਕੀ ਸਾਰੇ ਰਾਜਾਂ ਵਿਚ ਬਹੁਮਤ ਲੈ ਗਈ ਸੀ। ਪੰਜਾਬ ਵਿਚ 11.5 ਪ੍ਰਤੀਸ਼ਿਤ ਵਸੋਂ ਨੂੰ ਵੋਟ ਦਾ ਅਧਿਕਾਰ ਸੀ ਅਤੇ ਕੁਲ 30 ਲਖ ਵੋਟਰ ਸਨ ਪੰਜਾਬ ਵਿਚ। ਹਾਲੀ ਮਾਲੀਏ ਦੀ ਇਕ ਨਿਸਚਿਤ ਹਦ ਵਾਲੇ ਨੂੰ ਹੀ ਵੋਟ ਦਾ ਅਧਿਕਾਰ ਸੀ।

ਦਸੰਬਰ 1943 ਵਿਚ ਸਕੰਦਰ ਹਯਾਤ ਖਾਂ ਦੀ ਮੌਤ ਪਿਛੋਂ ਖਿਜ਼ਰ ਹਯਾਤ ਖਾਂ ਟਿਵਾਨਾ ਮੁਖ ਮੰਤ੍ਰੀ ਬਣਿਆ।

1946 ਦੀਆਂ ਪੰਜਾਬ ਅਸੰਬਲੀ ਦੀਆਂ ਚੋਣਾਂ ਵਿਚ ਮੁਸਲਮ ਲੀਗ 79 ਸੀਟਾਂ ਜਿਤ ਕੇ ਵਡੀ ਪਾਰਟੀ ਦੇ ਰੂਪ ਵਿਚ ਆਈ। ਕਾਂਗਰਸ ਨੇ 51 ਸੀਟਾਂ ਜਿਤੀਆਂ ਜਿਨਾਂ ਵਿਚ 40 ਹਿੰਦੂ, 10 ਸਿਖ ਅਤੇ ਇਕ ਮੁਸਲਮਾਨ ਸੀ। ਪੰਥਕ ਉਮੀਦਵਾਰ 22 ਜਿਤੇ ਜਿਨਾਂ ਵਿਚ ਬਲਦੇਵ ਸਿੰਘ, ਸਵਰਨ ਸਿੰਘ, ਉਜਲ ਸਿੰਘ ਅਤੇ ਅਜੀਤ ਸਿੰਘ ਸ਼ਾਮਲ ਸਨ, 10 ਯੂਨੀਨਿਸਟ ਪਾਰਟੀ ਦੇ ਅਤੇ 10 ਅਜਾਦ ਜਿਤੇ ਜਦੋਂ ਕਿ ਤਿੰਨ ਸੀਟਾਂ ਦੀਆਂ ਚੋਣਾਂ ਨਹੀਂ ਹੋਈਆਂ ਸੀ। ਮੁਸਲਮ ਲੀਗ ਨੂੰ ਛਡਕੇ ਬਾਕੀ ਕਾਂਗਰਸ; ਆਜਾਦ ਅਤੇ ਪੰਥਕ ਪਾਰਟੀ ਦੀ ਸਹਾਇਤਾ ਨਾਲ ਖਿਜ਼ਰ ਹਯਾਤ ਖਾਂ ਨੇ ਇਕ ਵਾਰ ਫੇਰ ਪੰਜਾਬ ਵਿਚ ਯੂਨੀਨਿਸਟ ਪਾਰਟੀ ਦੀ ਅਗਵਾਈ ਵਿਚ ਕੁਲੀਸ਼ਨ ਸਰਕਾਰ ਬਣਾਈ। ਸਵਰਨ ਸਿੰਘ ਡੀਵੈਲਪ ਮੈਂਟ ਮੰਤ੍ਰੀ ਬਣੇ। ਭਾਰਤ-ਪਾਕਿਸਤਾਨ ਦੀ ਵੰਡ ਪਿਛੋਂ ਪੂਰਬੀ ਪੰਜਾਬ ਦੇ ਅਸੰਬਲੀ ਵਿਚ ਗੋਪੀ ਚੰਦ ਭਾਰਗੋ ਨੂੰ ਪੂਰਬੀ ਪੰਜਾਬ ਦਾ ਪਹਿਲਾ ਮੁਖ ਮੰਤ੍ਰੀ ਬਣਾਇਆ ਗਿਆ। ਇਹ ਵਜਾਰਤ 1947 ਤੋਂ 1949 ਤਕ ਚਲੀ ਸ: ਪ੍ਰਤਾਪ ਸਿੰਘ ਕੈਰੋਂ ਇਸ ਵਿਚ ਸ਼ਾਮਲ ਸੀ। ਪੂਰਬੀ ਪੰਜਾਬ ਦਾ ਪਹਿਲਾ ਗਵਰਨਰ ਸਰ ਚੰਦੂ ਲਾਲ ਤ੍ਰਿਵੇਦੀ ਸੀ। 1948 ਵਿਚ ਪੰਜਾਬ ਦੀਆਂ ਸਿਖ ਰਿਆਸਤਾਂ, ਜਿਨਾਂ ਵਿਚ ਮਲੇਰ ਕੋਟਲਾ ਅਤੇ ਨਾਲਾਗੜ ਰਿਆਸਤਾਂ ਨੂੰ ਸ਼ਾਮਲ ਕਰਕੇ ਪਟਿਆਲਾ ਐਂਡ ਦੀ ਈਸਟ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਸਥਾਪਤ ਕੀਤੀ ਗਈ ਜਿਸ ਦਾ ਰਾਜ ਪ੍ਰਮੁਖ (ਗਵਰਨਰ) ਮਹਾਰਾਜਾ ਯਾਦਵਿੰਦਰ ਸਿੰਘ ਨੂੰ ਥਾਪਿਆ ਗਿਆ। ਸਿਖ ਬਹੁਗਿਣਤੀ ਵਾਲੇ ਛੋਟੇ ਰਾਜ ਪੈਪਸੂ ਦਾ ਪਹਿਲਾ ਸਿਖ ਮੁਖ ਮੰਤ੍ਰੀ ਹੋਣ ਦਾ ਮਾਣ ਗਿਆਨ ਸਿੰਘ ਗੜੇਵਾਲਾ ਨੂੰ ਜਾਂਦਾ ਹੈ। ਇਹ ਪਹਿਲੀ ਅਕਾਲੀ ਵਜਾਰਤ ਸੀ ਪੈਪਸੂ ਵਿਚ ਜਿਸਨੂੰ ਥੋੜੀ ਬਹੁ ਸੰਮਤੀ ਪ੍ਰਾਪਤ ਸੀ। ਕੁਝ ਮੈਂਬਰਾਂ ਦੇ ਦਲ ਬਦਲਣ ਨਾਲ ਹੀ ਸਰਕਾਰ ਬਦਲ ਗਈ। ਪੈਪਸੂ ਵਿਚ ਕੇਰਨਲ ਰਘਬੀਰ ਸਿੰਘ ਦੀ ਅਗਵਾਈ ਵਿਚ ਗੜੇਵਾਲਾ ਵਜਾਰਤ ਦੀ ਕਾਂਗਰਸ ਵਜਾਰਤ ਕਾਇਮ ਹੋਈ। ਰਘਬੀਰ ਸਿੰਘ ਦੀ ਮੌਤ ਪਿਛੋਂ ਪ੍ਰਜਾਮੰਡਲ ਜੋ ਕਿ ਕਾਂਗਰਸ ਵਿਚ ਸ਼ਾਮਲ ਹੋ ਗਿਆ ਸੀ ਦੇ ਆਗੂ ਬ੍ਰਿਸ਼ਭਾਨ ਪੈਪਸ ਦਾ ਮੁਖ ਮੰਤ੍ਰੀ ਬਣਿਆ।

1952 ਦੀਆਂ ਚੋਣਾਂ ਵਿਚ ਪੈਪਸੂ ਵਿਚ ਅਕਾਲੀ ਪਾਰਟੀ ਜਿਤ ਗਈ ਅਤੇ ਮੁਖ ਮੰਤ੍ਰੀ ਗਿਆਨ ਸਿੰਘ ਰਾੜੇ ਵਾਲਾ ਜੋ ਕਿ ਚੀਮਾ ਜਟ ਸੀ ਬਣਿਆ। 1956 ਵਿਚ ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰ ਦਿਤਾ ਗਿਆ ਇਸ ਤਰ੍ਹਾਂ ਅਕਾਲੀ ਸਰਕਾਰ ਦਾ ਵੀ ਭੋਗ ਪੈ ਗਿਆ। 1952 ਦੀਆਂ ਚੋਣਾਂ ਵਿਚ ਪੰਜਾਬ ਵਿਚ ਕਾਂਗਰਸ ਪਾਰਟੀ ਜਿਤ ਗਈ, ਕੁਲ 186 ਸੀਟਾਂ ਵਿਚੋਂ 122 ਸੀਟਾਂ ਕਾਂਗਰਸ ਜਿਤੀ। ਅਤੇ 34.8 ਪ੍ਰਤੀਸ਼ਿਤ ਵੋਟ ਪ੍ਰਾਪਤ ਕੀਤੇ। ਯਾਦ ਰਹੇ ਕਿ ਹੁਣ ਹਰ ਇਕ ਬਾਲਗ ਨੂੰ ਵੋਟ ਦਾ ਅਧਿਕਾਰ ਸੀ। ਅਕਾਲੀ ਪਾਰਟੀ 33 ਸੀਟਾਂ ਜਿਤ ਕੇ ਮੁਖ ਵਿਰੋਧੀ ਪਾਰਟੀ ਬਣੀ ਜਿਸਨੂੰ 14.7 ਪ੍ਰਤੀਸ਼ਿਤ ਵੋਟ ਪ੍ਰਾਪਤ ਹੋਏ। 1955 ਵਿਚ ਅਕਾਲੀ ਪਾਰਟੀ ਨੇ ਪੰਜਾਬੀ ਸੂਬੇ ਦੀ ਮੰਗ ਲਈ ਅੰਦੋਲਨ ਸ਼ੁਰੂ ਕਰ ਦਿਤਾ।ਇਸ ਅੰਦੋਲਨ ਦਾ ਮੁਖ ਕਾਰਨ ਤਾਂ ਸਿਖਾਂ ਦੀ ਬਹੁ ਗਿਣਤ ਵਾਲੇ ਛੋਟੇ ਰਾਜ ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰਕੇ ਰਾਜ ਵਿਚ ਘਟ ਗਿਣਤੀ ਸਿਖ ਭਾਈਚਾਰਾ ਬਣਾ ਦਿਤਾ ਅਤੇ ਦੂਜੇ ਕਾਰਨ ਸੀ ਕਿ ਕੇਂਦਰ ਸਰਕਾਰ ਨੇ ਜ਼ਮੀਨ -ਜਾਇਦਾਦ ਵਿਚੋਂ ਲੜਕੀਆਂ ਦਾ ਹੱਕ ਲੜਕਿਆਂ ਦੇ ਬਰਾਬਰ ਕਰ ਦਿਤਾ। ਜਿਸਦੀ ਭਾਵੇਂ ਜਟ-ਜਿਮੀਦਾਰਾਂ ਦੇ ਨੇਤਾ ਸਿਖ ਖੁਲ੍ਹਕੇ ਵਿਰੋਧਤਾ ਤਾਂ ਨਹੀਂ ਕਰ ਸਕਦੇ ਸਨ ਕਿਉਂਕਿ ਗੁਰਬਾਣੀ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਹੀ ਮੰਨਿਆ ਗਿਆ। ਸਿਖ ਧਰਮ ਇਸੇ ਲਈ ਅਗੇ ਵਧੂ ਧਰਮ ਕਰਕੇ ਜਾਣਿਆ ਜਾਂਦਾ ਹੈ ਕਿ ਬਾਣੀ ਵਿਚ ਇਸਤ੍ਰੀਆਂ ਨੂੰ ਮਰਦਾਂ ਦੇ ਬਰਾਬਰ ਦਾ ਦਰਜਾ ਅਤੇ ਮਾਣ ਸਤਿਕਾਰ ਬਖਸ਼ਿਆ ਗਿਆ ਹੈ। ਜਦੋਂ ਕਿ ਜਟ ਸਮਾਜ ਅਮਲੀ ਤੌਰ ਉਤੇ ਜਗੀਰਦਾਰੀ ਪ੍ਰੰਪਰਾਵਾਂ ਤੋਂ ਪ੍ਰਭਾਵਤ ਹੋਣ ਕਰਕੇ ਇਸਤ੍ਰੀਆਂ ਨੂੰ ਘਟੋ ਘਟ ਜਾਇਦਾਦ ਵਿਚ ਬਰਾਬਰ ਹਿਸਾ ਦੇਣ ਦੇ ਅਮਲੀ ਤੌਰ ਉਤੇ ਵਿਰੁਧ ਹੀ ਰਿਹਾ ਹੈ। ਇਹ ਕਾਰਨ ਸੀ ਕਿ ਅਕਾਲੀ ਪਾਰਟੀ ਜੋ ਕਿ ਜਟ-ਸਿਖਾਂ ਦੀ ਪ੍ਰਤੀਨਿਧਤਾ ਵਾਲੀ ਸੀ ਨੂੰ ਕੇਂਦਰ ਸਰਕਾਰ ਵਿਰੁਧ ਗੁਸਾ ਸੀ। ਇਸ ਲਈ ਇਸ ਪਾਰਟੀ ਨੇ ਪੰਜਾਬੀ ਬੋਲੀ ਦੀ ਆਧਾਰ ਉਤੇ ਸੂਬੇ ਦੀ ਮੰਗ ਲਈ ਅੰਦੋਲਨ ਆਰੰਭ ਦਿਤਾ ਪਰ ਇਹ ਅੰਦੋਲਨ ਅਸਫਲ ਹੋ ਗਿਆ। ਅਕਾਲੀਆਂ ਨੇ ਰਿਜ਼ਨਲ ਫਾਰਮੂਲਾ ਮੰਨ ਕੇ ਅੰਦੋਲਨ ਵਾਪਸ ਲੈ ਲਿਆ ਅਤੇ 1957 ਦੀ ਚੋਣ ਅਕਾਲੀਆਂ ਨੇ ਕਾਂਗਰਸ ਨਾਲ ਕੀਤੇ ਸਮਝੌਤੇ ਅਨੁਸਾਰ ਕਾਂਗਰਸੀ ਚੋਣ ਨਿਸ਼ਾਨ ਉਤੇ ਹੀ ਲੜੀ ਕੁਲ 154 ਸੀਟਾਂ ਵਿਚੋਂ ਕਾਂਗਰਸ-ਸ਼੍ਰੋਮਣੀ ਅਕਾਲੀ ਦਲ ਗਠਜੋੜ ਨੇ 120 ਸੀਟਾਂ ਜਿਤੀਆਂ ਜਿਨਾਂ ਵਿਚ 28 ਅਕਾਲੀ ਮੈਂਬਰ ਸਨ। ਮੁਖ ਮੰਤ੍ਰੀ ਪ੍ਰਕਾਸ਼ ਸਿੰਘ ਵੀ 1957 ਵਿਚ ਕਾਂਗਰਸ ਟਿਕਟ ਉਤੇ ਹੀ ਚੋਣ ਲੜਕੇ ਪਹਿਲੀ ਵਾਰ ਐਮ.ਐਲ.ਏ. ਬਣਿਆ ਸੀ, ਕਾਂਗਰਸ - ਅਕਾਲੀ ਸਮਝੌਤਾ ਨਾਲ ਗਿਦੜਬਾਹਾ ਸੀਟ ਤੋਂ ਚਰੰਜੀ ਲਾਲ ਧੀਰ ਨੂੰ ਮਸਾਂ 6 ਕੁ ਵੋਟ ਉਤੇ ਜਿਤਿਆ ਸੀ। ਇਕ ਸਾਲ ਪਿਛੋਂ ਮਾਸਟਰ ਤਾਰਾ ਸਿੰਘ ਨੇ ਅਕਾਲੀਆਂ ਨੂੰ ਕਾਂਗਰਸ ਵਿਚੋਂ ਬਾਹਰ ਆਉਣ ਲਈ ਆਖਿਆ ਤਾਂ ਕੇਵਲ ਸਤ ਐਮ.ਐਲ.ਏ. ਹੀ ਕਾਂਗਰਸ ਅਕਾਲੀ ਗਠਜੋੜ ਤੋਂ ਬਾਹਰ ਆਏ, 22 ਐਮ.ਐਲ.ਏ. ਰਾਜ ਸਤਾ ਦਾ ਅਨੰਦ ਮਾਣਦੇ ਰਹੇ ਜਿਨਾਂ ਵਿਚ ਗਿਆਨੀ ਕਰਤਾਰ ਸਿੰਘ ਅਤੇ ਗੁਰਮੀਤ ਸਿੰਘ ਦੋਵੇਂ ਵਜ਼ੀਰ ਵੀ ਸਨ ਕੈਰੋਂ ਵਜਾਰਤ ਵਿਚ ਅਤੇ ਸ: ਰਾੜੇ ਵਾਲਾ ਵੀ ਵਜੀਰ ਸਨ।

1960 ਵਿਚ ਅਕਾਲੀਆਂ ਨੇ ਇਕ ਵਾਰ ਫੇਰ ਪੰਜਾਬੀ ਸੂਬੇ ਦਾ ਮੋਰਚਾ ਲਾਇਆ। ਇਹ ਮੋਰਚਾ ਵੀ ਸਫਲ ਨਾ ਹੋਇਆ ਅਤੇ 1962 ਦੀਆਂ ਆਮ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ 42 ਸੀਟਾਂ ਉਤੇ ਚੋਣ ਲੜੀ ਅਤੇ 19 ਐਮ.ਐਲ.ਏ. ਕਾਮਯਾਬ ਹੋਏ। ਕਾਂਗਰਸ ਨੇ 90 ਸੀਟਾਂ ਜਿਤ ਕੇ ਸ: ਪ੍ਰਤਾਪ ਸਿੰਘ ਕੈਰੋਂ ਦੀ ਅਗਵਾਈ ਵਿਚ ਤੀਜੀ ਵਾਰ ਨਿਰੋਲ ਕਾਂਗਰਸ ਸਰਕਾਰ ਬਣਾ ਲਈ। 1 ਨਵੰਬਰ 1966 ਨੂੰ ਪੰਜਾਬੀ ਸੂਬਾ ਬਣਾ ਦਿਤਾ ਗਿਆ। ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਪੰਜਾਬ ਤੋਂ ਵਖ ਕਰ ਦਿਤਾ ਗਿਆ। ਇਸਤਰ੍ਹਾਂ ਪੰਜਾਬ ਦੀਆਂ ਕੁਲ ਸੀਟਾਂ ਘਟ ਕੇ 104 ਰਹਿ ਗਈਆਂ।

ਮਾਰਚ 1967 ਵਿਚ ਹੋਈ ਆਮ ਚੋਣ ਵਿਚ ਜਦੋਂ ਕਿ ਕਾਂਗਰਸ ਦਾ ਲੋਹ ਪੁਰਸ਼ ਮੁਖ ਮੰਤ੍ਰੀ ਸ: ਪ੍ਰਤਾਪ ਸਿੰਘ ਕੈਰੋਂ ਜੂਨ 1964 ਵਿਚ ਕਤਲ ਕਰ ਦਿਤਾ ਗਿਆ ਸੀ। ਉਸ ਪਿਛੋਂ ਸਾਲ ਕੁ ਭਰ ਲਈ ਕਾਮਰੇਡ ਰਾਮ ਕਿਸ਼ਨ ਮੁਖ ਮੰਤ੍ਰੀ ਰਹੇ ਅਤੇ ਪਹਿਲੀ ਨਵੰਬਰ 1966 ਤੋਂ ਪੰਜਾਬੀ ਸੂਬੇ ਦੇ ਪਹਿਲੇ ਮੁਖ ਮੰਤ੍ਰੀ ਗਿਆਨੀ ਗੁਰਮੁਖ ਸਿੰਘ ਮੁਸਾਫਰ 8 ਮਾਰਚ 1967 ਤਕ ਰਹੇ। ਗਿਆਨੀ ਜੀ ਅੰਮ੍ਰਿਤਸਰ ਪਛਮੀ ਤੋਂ ਮਜ਼ਦੂਰ ਨੇਤਾ ਸਤਪਾਲ ਡਾਂਗ ਕੋਲੋਂ ਹਾਰ ਗਏ ਸਨ। ਇਸ ਚੋਣ ਵਿਚ ਕਾਂਗਰਸ 48 ਸੀਟਾਂ ਜਿਤ ਗਈ। ਪਰ ਵਿਰੋਧੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਖਬੀਆਂ ਕਮਿਊਨਿਸਟ ਪਾਰਟੀਆਂ ਵੀ ਤੇ ਸਜੀ ਜਨ ਸਿੰਘ, ਵੀ ਸ਼ਾਮਲ ਹੋ ਗਈਆਂ। ਕਾਂਗਰਸ ਇਕੱਲੀ ਰਹਿ ਗਈ। ਵਿਰੋਧੀ 56 ਮੈਂਬਰ ਹੋ ਗਏ ਅਤੇ ਪਹਿਲੀ ਗੈਰ ਕਾਂਗਰਸ ਸਰਕਾਰ ਪੰਜਾਬੀ ਸੂਬੇ ਵਿਚ ਜਸਟਿਸ ਗੁਰਨਾਮ ਸਿੰਘ ਜਿਸਦੇ ਮੁਖ ਮੰਤ੍ਰੀ ਸਨ ਹੋਂਦ ਵਿਚ ਆਈ। ਇਸ ਸਾਲ ਕਾਂਗਰਸ ਕਸ਼ਮੀਰ ਤੋਂ ਕਲਕਤੇ ਤਕ ਸਾਰੇ ਦੇ ਸਾਰੇ 9 ਰਾਜਾਂ ਵਿਚ ਹੀ ਹਾਰ ਗਈ ਸੀ। ਅਤੇ ਸਾਂਝੇ ਫਰੰਟ (ਕੁਲੀਸ਼ਨ) ਦੀਆਂ ਸਰਕਾਰਾਂ ਬਣ ਗਈਆਂ ਸਨ। ਅਕਾਲੀ ਦਲ 26 ਸੀਟਾਂ ਜਿਤ ਗਿਆ ਸੀ। 1969 ਵਿਚ ਹੋਈਆਂ ਮਧਕਾਲੀ ਚੋਣਾਂ ਜੋ ਗੁਰਨਾਮ ਸਿੰਘ ਦੀ ਵਜਾਰਤ 8 ਮਹੀਨਿਆਂ ਪਿਛੋਂ ਹੀ 18 ਅਕਾਲੀ ਐਮ.ਐਲ.ਏ. ਸ਼੍ਰੋਮਣੀ ਅਕਾਲੀ ਦਲ ਛਡਕੇ ਨਵੀਂ ਜੰਤਾ ਪਾਰਟੀ ਬਣਾ ਕੇ ਤੋੜ ਗਏ ਸਨ; ਸ: ਲਛਮਣ ਸਿੰਘ ਦੀ ਅਗਵਾਈ ਵਿਚ ਕਾਂਗਰਸ ਦੀ ਸਹਾਇਤਾ ਨਾਲ 9 ਕੁ ਮਹੀਨੇ ਸਤਾ ਵਿਚ ਰਹੀ। ਏਸੇ ਵਜਾਰਤ ਵਿਚ ਖਾਲਸਤਾਨੀ ਨੇਤਾ ਜਗਜੀਤ ਸਿੰਘ ਚੌਹਾਨ ਖਜ਼ਾਨਾ ਵਜੀਰ ਬਣਿਆ ਸੀ। ਕਾਂਗਰਸ ਦੀ ਸਹਾਇਤਾ ਨਾਲ।

1969 ਦੀਆਂ ਮਧਕਾਲੀ ਚੋਣਾਂ ਵਿਚ ਅਕਾਲੀ ਦਲ ਨੇ 43 ਸੀਟਾਂ ਜਿਤੀਆਂ ਅਤੇ ਕਾਂਗਰਸ ਨੇ ਪਹਿਲਾਂ ਨਾਲੋਂ ਦਸ ਘਟ 38 ਸੀਟਾਂ। ਅਕਾਲੀ ਦਲ ਨੇ ਫੇਰ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿਚ ਕੁਲੀਸ਼ਨ ਸਰਕਾਰ ਬਣਾਈ ਪਰ ਇਸਵਾਰਇਸ ਵਿਚ ਕਮਿਊਨਿਸਟ ਨਹੀਂ ਸਨ। ਕੇਵਲ ਜਨ ਸਿੰਘ ਹੀ ਭਾਈਵਾਲ ਸੀ। 13 ਕੁ ਮਹੀਨੇ ਸਰਕਾਰ ਚਲਣ ਪਿਛੋਂ ਭਾਰਤੀ ਜਨ ਸੰਘ ਗੁਰ ਨਾਨਕ ਦੇਵ ਦੇ ਨਾਂ ਉਤੇ ਯੂਨੀਵਰਸਟੀ ਅੰਮ੍ਰਿਤਸਰ ਦਾ ਨਾਂ ਰਖਣ 'ਤੇ ਵਜਾਰਤ ਵਿਚੋਂ ਨਿਕਲ ਗਿਆ ਅਤੇ ਸਰਕਾਰ ਟੁਟ ਗਈ। ਇਸਦਾ ਇਕ ਹੋਰ ਕਾਰਨ ਰਾਜ ਸਭਾ ਦੀ ਸੀਟ ਵਿਚ ਅਕਾਲੀ ਦਲ ਦੇ ਉਮੀਦਵਾਰ ਦੀ ਹਾਰ ਵੀ ਸੀ। ਫੇਰ ਸ: ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ 26 ਮਾਰਚ 1970 ਨੂੰ ਮੁਖਮੰਤ੍ਰੀ ਬਣੇ ਜੋ ਕਿ 14 ਜੂਨ 1971 ਤਕ ਮੁਖ ਮੰਤ੍ਰੀ ਰਹੇ। ਇਹ ਸਰਕਾਰ ਅਕਾਲੀਆਂ ਨੇ ਆਪ ਹੀ ਤੋੜ ਦਿਤੀ, ਮਤਭੇਦਾਂ ਕਾਰਨ।

ਪਰ ਅਕਾਲੀਆਂ ਦਾ ਕਹਿਣਾ ਹੈ ਕਿ ਚੂੰਕਿ 1971 ਵਿਚ ਇੰਦਰਾ ਕਾਂਗਰਸ ਭਾਰੀ ਬਹੁਮਤ ਲੈਕੇ ਜਿਤੀ ਸੀ ਇਸਲਈ ਉਸਨੇ ਸਾਰੀਆਂ ਹੀ ਸਾਂਝੇ ਫਰੰਟ ਦੀਆਂ ਸਰਕਾਰਾਂ ਸਮੇਤ ਪੰਜਾਬ ਨੇ ਤੋੜ ਦਿਤੀਆਂ ਸਨ। 1972 ਨੂੰ ਹੋਈਆਂ ਪੰਜਾਬ ਅਸੰਬਲੀ ਦੀਆਂ ਚੋਣਾਂ ਵਿਚ ਕਾਂਗਰਸ ਸਪਸ਼ਟ ਬਹੁਮਤ ਪ੍ਰਾਪਤ ਕਰ ਗਈ ਸੀ। ਕਾਂਗਰਸ ਦੇ 66 ਮੈਂਬਰ ਜਿਤੇ ਜਦੋਂ ਕਿ ਅਕਾਲੀ ਦਲ ਦੇ 24 ਮੈਂਬਰ ਜਿਤੇ। ਇਸ ਸਮੇਂ ਗਿਆਨੀ ਜੈਲ ਸਿੰਘ ਪੰਜਾਬ ਦਾ ਮੁਖ ਮੰਤ੍ਰੀ ਸੀ ਅਤੇ ਇਸ ਕਾਂਗਰਸ ਸਰਕਾਰ ਨੇ ਵੀ ਪੂਰੇ ਪੰਜ ਸਾਲ ਦੀ ਮਿਆਦ ਪੂਰੀ ਕੀਤੀ। 1977 ਦੀ ਚੋਣ ਜੋ ਐਮਰਜੈਂਸੀ ਦੇ ਮੁਦੇ ਉਤੇ ਲੜੀ ਗਈ ਸੀ ਕੇਂਦਰ ਵਿਚ ਜੰਤਾ ਪਾਰਟੀ ਜਿਤ ਗਈ ਅਤੇ ਪੰਜਾਬ ਵਿਚ ਅਕਾਲੀ - ਜੰਤਾ ਜਿਤ ਗਏ ਸਨ। ਅਕਾਲੀ ਪਾਰਟੀ ਨੇ 100 ਸੀਟਾਂ ਲੜੀਆਂ ਅਤੇ 73 ਅਕਾਲੀ ਮੈਂਬਰ ਜਿਤੇ। ਜੰਤਾ ਪਾਰਟੀ ਨੇ 41 ਸੀਟਾਂ ਲੜੀਆਂ ਅਤੇ 25 ਜਿਤੀਆਂ। ਕਾਂਗਰਸ ਨੇ ਕੇਵਲ 19 ਸੀਟਾਂ ਹੀ ਜਿਤੀਆਂ ਸਨ, ਦੂਜੀ ਵਾਰ ਸ: ਪ੍ਰਕਾਸ਼ ਸਿੰਘ ਬਾਦਲ 19 ਜੂਨ 1977 ਨੂੰ ਪੰਜਾਬ ਦੇ ਮੁਖ ਮੰਤ੍ਰੀ ਬਣੇ। ਇਸ ਸਰਕਾਰ ਦੌਰਾਨ ਨਿਰੰਕਾਰੀਆਂ ਦੀ ਦਮਦਮੀ ਟਕਸਾਲ ਨਾਲ ਹਿੰਸਕ ਝੜਪ ਹੋਈ ਜਿਸ ਨਾਲ ਪੰਜਾਬ ਦੇ ਹਾਲਾਤ ਵਿਗੜਨ ਦੀ ਸ਼ੁਰੂਆਤ ਹੋਈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਹੀ ਇਸ ਅਕਾਲੀ 'ਪੰਥਕ' ਸਰਕਾਰ ਵਿਰੁਧ ਭਰਿਸ਼ਟਾਚਾਰ ਦੇ ਦੋਸ਼ ਲਾਏ ਅਤੇ ਗਵਰਨਰ ਨੂੰ ਬੇਨਤੀ ਕੀਤੀ ਕਿ ਸਰਕਾਰ ਤੋੜ ਦਿਤੀ ਜਾਏ। ਸੋ 17 ਫਰਵਰੀ 1980 ਨੂੰ ਸਰਕਾਰ ਤੋੜ ਦਿਤੀ ਗਈ।

1980 ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਤੋਂ ਪਹਿਲਾਂ ਹੀ ਕਰਵਾਈਆਂ ਗਈਆਂ। ਏਸੇ ਦੌਰਾਨ ਕੇਂਦਰ ਦੀ ਜੰਤਾ ਸਰਕਾਰ ਵੀ ਟੁਟ ਚੁਕੀ ਸੀ। ਜੰਤਾ ਪਾਰਟੀ ਵਿਚ ਸ਼ਾਮਲ ਜਨ ਸੰਘ ਦੀ ਦੂਹਰੀ ਮੈਂਬਰ ਸਿੰਘ ਦੇ ਮੁਦੇ ਉਤੇ ਜੰਤਾ ਪਾਰਟੀ ਦ ਧੜੇ ਆਪੋ ਵਿਚ ਅਸਿਹਮਤ ਹੋ ਗਏ ਅਤੇ ਮੁਰਾਰਜੀ ਡਿਸਾਈ ਭਾਈ ਦੀ ਸਰਕਾਰ ਟੁਟ ਗਈ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ 63 ਸੀਟਾਂ ਜਿਤ ਗਈ ਅਤੇ ਸ਼੍ਰੋਮਣੀ ਅਕਾਲੀ ਦਲ 37 ਸੀਟਾਂ ਜਿਤ ਗਿਆ ਅਤੇ ਜਨ ਸਿੰਘ ਜਿਸਨੇ ਹੁਣ ਭਾਰਤੀ ਜੰਤਾ ਪਾਰਟੀ ਦਾ ਬੁਰਕਾ ਪਹਿਨ ਲਿਆ ਸੀ। ਕੇਵਲ 1 ਸੀਟ ਹੀ ਜਿਤਿਆ ਸੀ। ਅਤੇ ਲੋਕ ਸਭਾ ਵਿਚ ਵੀ ਸਾਰੇ ਭਾਰਤ ਭਰ ਵਿਚੋਂ ਕੇਵਲ ਦੋ ਮੈਂਬਰ ਹੀ ਜਿਤੇ ਸਨ। ਦਰਬਾਰਾ ਸਿੰਘ ਮੁਖ ਮੰਤ੍ਰੀ ਬਣੇ ਅਤੇ ਉਨਾਂ ਦੀ ਚਿਰੋਕਣੀ ਇਛਿਆ ਬਹੁਤ ਦੇਰ ਬਾਅਦ ਪੂਰੀ ਹੋਈ ਕਿਉਂਕਿ ਸ: ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਉਹ ਕਾਂਗਰਸ ਵਿਚ ਕੈਰੋਂ ਵਿਰੋਧੀ ਗਰੁਪ ਦੇ ਨੇਤਾ ਵੀ ਸਨ ਅਤੇ ਮੁਖ ਮੰਤ੍ਰੀ ਬਣਨ ਦੀ ਇਛਿਆ ਵੀ ਰਖਦੇ ਸਨ। ਪਰ ਇਹ ਕਾਂਗਰਸ ਦੀ ਵਡੀ ਬਹੁ ਗਿਣਤੀ ਵਾਲੀ ਸਰਕਾਰ ਵੀ ਗਿਆਨੀ ਗਰੁਪ ਤੇ ਦਰਬਾਰਾ ਗਰਪ ਦੀਆਂ ਟਕਰਾਂ ਦਾ ਸ਼ਿਕਾਰ ਤਾਂ ਹੋਈ ਹੀ ਸੀ ਇਸ ਸਮੇਂ ਅਤਵਾਦੀ ਹਿੰਸਕ ਘਟਨਾਵਾਂ ਵੀ ਫਿਰਕੂ ਰੂਪ ਧਾਰਨ ਕਰ ਗਈਆਂ। ਹਿੰਦੂਆਂ ਨੂੰ ਬਸਾਂ ਵਿਚੋਂ ਕਢ ਕਢ ਕੇ ਮਾਰਿਆ ਜਾਣ ਲਗਾ ਤਾਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ 7 ਅਕਤੂਬਰ 1983 ਨੂੰ ਅਸਤੀਫਾ ਦੇਣਾ ਪਿਆ। ਫੇਰ ਗਵਰਨਰੀ ਰਾਜ 29 ਸਤੰਬਰ 1985 ਤਕ ਰਿਹਾ। ਏਸੇ ਸਮੇਂ ਦੌਰਾਨ ਨੀਲਾ ਤਾਰਾ ਦਾ ਭਿਆਨਕ ਤੇ ਦਰਦਨਾਕ ਕਾਂਡ ਵੀ ਵਾਪਰਿਆ ਅਤੇ ਉਸ ਪਿਛੋਂ ਦੇਸ਼ ਦੀ ਪ੍ਰਧਾਨ ਮੰਤ੍ਰੀ ਬੀਬੀ ਇੰਦਰਾਂ

ਦੇ ਕਤਲ ਪਿਛੋਂ ਦਿਲੀ ਵਿਚ ਹੋਏ ਕਤਲਾਮ ਦੀ ਦਿਲ ਕੰਬਾਊ ਘਟਨ ਵੀ ਵਾਪਰ ਚੁਕੀ ਸੀ।

ਅਖੀਰ ਰਜੀਵ- ਲੌਂਗੋ ਵਾਲ ਸਮਝੌਤੇ ਪਿਛੋਂ ਸਤੰਬਰ 1985 ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਜਿਸਦੇ ਪ੍ਰਧਾਨ ਸ: ਸੁਰਜੀਤ ਸਿੰਘ ਬਰਨਾਲਾ ਸਨ। ਚੂੰਕਿ 20 ਅਗਸਤ 1985 ਨੂੰ ਦਲ ਦੇ ਪਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿਤਾ ਗਿਆ ਸੀ। ਸੋ ਹਮਦਰਦੀ ਦੀ ਲਹਿਰ ਅਤੇ ਕੇਂਦਰ ਸਰਕਾਰ ਦੀ ਅਕਾਲੀਆਂ ਪ੍ਰਤੀ ਨਰਮ ਨੀਤੀ ਦੇ ਸਿਟੇ ਵਜੋਂ 38.01 ਪ੍ਰਤੀਸ਼ਿਤ ਵੋਟ ਪ੍ਰਾਪਤ ਕਰਕੇ 73 ਸੀਟਾਂ ਜਿਤ ਗਏ ਅਤੇ ਕਾਂਗਰਸ ਪਹਿਲਾਂ ਨਾਲੋਂ ਅਧੀਆਂ ਅਰਥਾਤ 32 ਸੀਟਾਂ ਹੀ ਹਾਸਲ ਕਰ ਸਕੀ ਅਕਾਲੀਆਂ ਨਾਲ ਦੋਸਤਾਨਾ ਮੈਚ ਵਿਚ। ਸਮਝੌਤੇ ਅਨੁਸਾਰ ਕੇਂਦਰ ਨੇ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦੇਣਾ ਸੀ। ਸੋ ਚੰਡੀਗੜ ਦੇ ਬਦਲੇ ਹਰਿਆਣੇ ਨੂੰ ਦਿਤੇ ਜਾਣ ਵਾਲੇ ਇਲਾਕਿਆਂ ਦਾ ਰੇੜਕਾ ਪੈ ਗਿਆ। ਕੰਦੂ ਖੇੜਾ ਸਾਰੇ ਪੁਆੜੇ ਦੀ ਜੜ, ਬਣ ਗਿਆ। ਜੇ ਕੰਦੂ ਖੇੜਾ ਹਰਿਆਣੇ ਨੂੰ ਜਾਂਦਾ ਹੈ ਤਾਂ ਫਾਜਲਿਕਾ ਅਬਹੋਰ ਦੇ ਹਿੰਦੀ ਬੋਲਦੇ ਇਲਾਕੇ ਵੀ ਹਰਿਆਣੇ ਨੂੰ ਜਾਂਦੇ ਪਰ ਚੂੰਕਿ ਇਹ ਇਲਾਕਾ ਪੰਜਾਬ ਦੇ ਜਿਮੀਦਾਰਾਂ ਜਗੀਰਦਾਰਾਂ ਲਈ ਚਿਟਾ ਸੋਨਾ ਪੈਦਾ ਕਰਦਾ ਹੈ ਇਸਲਈ ਉਹ ਇਸਨੂੰ ਹਰਿਆਣੇ ਨੂੰ ਦੇਣ ਨੂੰ ਕਿਸੇ ਕੀਮਤ ਉਤੇ ਵੀ ਤਿਆਰ ਨਹੀਂ ਹਨ ਕੰਦੂ ਖੇੜ ਦੀ ਦੁਬਾਰਾ ਨਵੇਂ ਸਿਰਿਓਂ ਭਾਸ਼ਾ ਦੀ ਸਰਵੇ ਕਰਵਾਇਆ ਗਿਆ ਸਾਰੀ ਬਰਾਨਾਲਾ ਵਜਾਰਤ ਨੇ ਵੋਟਾਂ ਵਾਂਗ ਜ਼ੋਰ ਲਾਇਆ ਕਿਉਂਕਿ ਕੰਦੂ ਖੇੜੇ ਵਿਚ ਮਰਹੂਮ ਭਾਈ ਸ਼ਮਿੰਦਰ ਸਿੰਘ ਸਾਬਕਾ ਐਮ.ਪੀ. ਏ. ਕਈ ਮੁਰੱਬੇ ਜ਼ਮੀਨ ਸੀ। ਹਰ ਤਰੀਕੇ ਨਾਲ ਉਸ ਪਿੰਡ ਨੂੰ ਪੰਜਾਬੀ ਭਾਸ਼ਾਈ ਪਿੰਡ ਬਣਾਇਆ ਗਿਆ ਅਤੇ ਸਮਝੌਤਾ ਖਟਾਈ ਵਿਚ ਪੈ ਗਿਆ। ਏਸੇ ਦੌਰਾਨ ਹਿੰਸਕ ਅਤਵਾਦੀ ਕਾਰਵਾਈਆਂ ਵਧ ਗਈਆਂ ਕਿਉਂਕਿ ਸਰਕਾਰ ਅਕਾਲੀਆਂ 'ਦੀ' 'ਪੰਥਕ' ਸੇ ਇਸਲਈ ਖਾਲਸਤਾਨੀ ਜਥੇਬੰਦੀਆਂ ਵਲੋਂ ਹਿੰਸਕ ਕਾਰਵਾਈਆਂ ਇਸ ਹਦ ਤਕ ਵਧ ਗਈਆਂ ਕਿ ਲਾਅ-ਐਂਡ ਆਰਡਰ ਦੂਜੇ ਸ਼ਬਦਾਂ ਵਿਚ ਅਮਨ ਅਤੇ ਕਾਨੂੰਨ ਦੀ ਸਥਿਤੀ ਬੇਹਦ ਖਰਾਬ ਹੋ ਗਈ। ਸਰਕਾਰ ਲੋਕਾਂ ਦੀ ਜਾਨ ਮਾਲ ਦੀ ਰਾਖੀ ਨਾ ਕਰ ਸਕੀ ਤਾਂ ਕੇਂਦਰ ਨੇ ਬਰਨਾਲਾ ਸਰਕਾਰ ਵੀ ਤੋੜ ਦਿਤੀ। 11 ਮਈ 1987 ਤੋਂ ਰਾਜ ਵਿਚ ਗਵਰਨਰੀ ਰਾਜ ਲਾਗੂ ਕਰ ਦਿਤਾ ਗਿਆ ਜੋ 25 ਫਰਵਰੀ 1992 ਤਕ ਯਾਨੀ ਕਿ ਸਭ ਤੋਂ ਲੰਬਾ ਸਮਾਂ ਸੀ ਇਸ ਗਵਰਨਰੀ ਰਾਜ ਦਾ ਯਾਨੀ ਕਿ 4 ਸਾਲ 9 ਮਹੀਨੇ 14 ਦਿਨ। ਇਸ ਦੌਰਾਨ ਕਈ ਰਾਜ ਪਾਲ ਆਏ।

1992 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਾਰਵਾਈਆਂ ਗਈਆਂ। ਸ਼੍ਰੋਮਣੀ ਅਕਾਲੀ ਦਲ ਨੇ ਖਾੜਕੂ ਜਥੇਬੰਦੀਆਂ ਦੇ ਦਬਾਅ ਕਾਰਨ ਚੋਣਾਂ ਦਾ ਬਾਈਕਾਟ ਕੀਤਾ। ਯਾਦ ਰਹੇ ਕਿ 1991 ਵਿਚ ਵੀ ਚੋਣ ਪ੍ਰੋਗਰਾਮ ਐਲਾਨਿਆ ਗਿਆ ਸੀ ਜੋ ਕਿ ਚੋਣਾਂ ਦੀ ਨੀਯਤ ਮਿਤੀ ਤੋਂ ਇਕ ਦਿਨ ਪਹਿਲਾਂ ਨਾ ਕਰਾਉਣ ਦਾ ਐਲਾਨ ਕਰ ਦਿਤਾ। ਕੇਂਦਰ ਸਰਕਾਰ ਨੇ ਕਿਉਂਕਿ ਕੇਂਦਰ ਵਿਚ ਸਰਕਾਰ ਕਾਂਗਰਸ ਦੀ ਸੀ ਅਤੇ ਪੰਜਾਬ ਕਾਂਗਰਸ ਨੇ ਪੰਜਾਬ ਵਿਧਾਨ ਸਭਾ ਦੀਆਂ ਚਣਿਾਂ ਦਾ ਬਾਈਕਾਟ ਕੀਤਾ ਹੋਇਆ ਸੀ। ਚੋਣਾਂ ਦੌਰਾਨ ਅਕਾਲੀ ਦਲ ਦੇ 26 ਉਮੀਦਵਾਰ ਅਤੇ ਵਾਦੀਆਂ ਵਲੋਂ ਕਤਲ ਕੀਤੇ ਗਏ ਸਨ। ਜਿਸ ਕਾਰਨ ਚੋਣਾਂ ਨਿਰਪਖ ਨਹੀਂ ਸਨ ਹੋ ਸਕਦੀਆਂ।

ਫਰਵਰੀ 1992 ਦੀਆਂ ਚੋਣਾਂ ਕਰਵਾਈਆਂ ਗਈਆਂ ਡਰ ਤੇ ਸਹਿਮ ਦੇ ਮਾਹੌਲ ਕਾਰਨ ਕੇਵਲ 23.24 ਪ੍ਰਤੀਸ਼ਿਤ ਵੋਟ ਪੋਲ ਹੋਈ। ਇਸ ਵਿਚੋਂ ਕਾਂਗਰਸ ਨੂੰ 43.71 ਪ੍ਰਤੀਸ਼ਿਤ ਵੋਟ ਪ੍ਰਾਪਤ ਹੋਈ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨੇ ਬਾਈਕਾਟ ਕੀਤਾ ਸੀ ਇਸ ਲਈ ਪੇਂਡੂ ਹਲਕਿਆਂ ਵਿਚ ਜਟ ਸਿਖਾਂ ਨੇ ਵੋਟਾਂ ਨਾ ਪਾਈਆਂ। ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਵਾਲੇ ਅਕਾਲੀ ਦਲ ਨੇ 58 ਸੀਟਾਂ ਲੜੀਆਂ ਅਤੇ ਤਿੰਨ ਸੀਟਾਂ ਜਿਤੀਆਂ ਜਦੋਂ ਕਿ ਕਾਂਗਰਸ ਨੇ 87 ਸੀਟਾਂ ਜਿਤੀਆਂ ਅਤੇ ਬਹੁਜਨ ਸਮਾਜ ਪਾਰਟੀ 11 ਸੀਟਾਂ ਜਿਤਕੇ ਰਾਜ ਦੀ ਵਿਧਾਨ ਸਭਾ ਵਿਚ ਮੁਖ ਵਿਰੋਧੀ ਧਿਰ ਬਣੀ ਅਤੇ 6 ਭਾਰਤੀ ਜੰਤਾ ਪਾਰਟੀ ਚਾਰ ਕਮਿਊਨਿਸਟ, 1 ਮਾਰਕਸੀ, 1 ਜੰਤਾ ਤੋਂ ਇਲਾਵਾ 4 ਆਜਾਦ ਉਮੀਦਵਾਰ ਜਿਤੇ। ਕਾਂਗਰਸ ਅਸੰਬਲੀ ਪਾਰਟੀ ਦੀ ਅਗਵਾਈ ਮੁਖ ਮੰਤ੍ਰੀ ਬੇਅੰਤ ਸਿੰਘ ਨੇ ਕੀਤੀ ਜੋ ਕਿ 31 ਅਗਸਤ 1995 ਨੂੰ ਚੰਡੀਗੜ ਸੈਕਰੇਟੇਰੀਅਨ ਮੂਹਰੇ ਮਨਖੀ ਬੰਬ ਕਾਂਢ ਵਿਚ ਸ਼ਹੀਦ ਹੋ ਗਏ। ਪੰਜਾਬ ਵਿਚ ਅਮਨ ਤੇ ਸ਼ਾਂਤੀ ਬਹਾਲ ਕਰਨ ਦਾ ਸੇਹਰਾ ਸ: ਬੇਅੰਤ ਸਿੰਘ ਨੂੰ ਹੀ ਜਾਂਦਾ ਹੈ। 8 ਸਤੰਬਰ ਤੋਂ ਹਰਚਰਨ ਸਿੰਘ ਬਰਾੜ 14 ਕੁ ਮਹੀਨੇ ਮੁਖ ਮੰਤ੍ਰੀ ਰਹੇ, ਉਨਾਂ ਪਿਛੋਂ ਪੰਜਾਬ ਦੀ ਪਹਿਲੀ ਮੁਖ ਮੰਤ੍ਰੀ ਬਣੀ ਬੀਬੀ ਰਾਜਿੰਦਰ ਕੌਰ ਭੱਠਲ ਪੌਣੇ ਚਾਰ ਕੁ ਮਹੀਨੇ ਹੀ। 12 ਫਰਵਰੀ 1997 ਤੋਂ ਪੰਜਾਬ ਵਿਧਾਨ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ ਪੂਰੇ ਪੰਜ ਸਾਲ ਦੀ ਮਿਆਦ ਪੂਰੀ ਕਰਕੇ ਰਿਕਾਰਡ ਕਰ ਗਿਆ ਇਹ ਪਹਿਲੀ ਵਾਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਗਠਜੋੜ ਵਿਧਾਨ ਸਭਾ ਦਾ ਪੂਰੀ ਟਰਮ (ਮਿਆਦ) ਸਤਾ ਧਾਰੀ ਰਿਹਾ ਹੈ। ਉਂਝ ਤਾਂ ਪੰਜਾਬੀ ਸੂਬਾ 1 ਨਵੰਬਰ 1966 ਤੋਂ ਹੋਂਦ ਵਿਚ ਆਉਣ ਪਿਛੋਂ ਸਾਰੀਆਂ ਹੀ ਚੋਣਾਂ ਵਿਚ ਭਾਰਤੀ ਜੰਨ ਸੰਘ ਜਾਂ ਇਸ ਦਾ ਰੂਪ ਭਾਰਤੀ ਜੰਤਾ ਪਾਰਟੀ ਦਾ ਹੋਵੇ ਦੋਵਾਂ ਪਾਰਟੀਆਂ ਦਾ ਗਠਜੋੜ ਰਿਹਾ ਹੈ। ਇਹ ਵੀ ਇਕ ਵਿਲੱਖਣਤਾ ਹੀ ਹੈ ਕਿ ਦੋਵੇਂ ਪਾਰਟੀਆਂ ਜਦੋਂ ਸਤਾ ਧਾਰੀ ਹੁੰਦੀਆਂ ਹਨ ਤਾਂ ਹਿੰਦੂ ਸਿਖ ਏਕਤਾ ਕਾਇਮ ਰਹਿੰਦੀ ਹੈ। ਪੂਰੇ ਪੰਜ ਸਾਲ ਕੋਈ ਫਿਰਕੂ ਘਟਨਾ ਨਹੀਂ ਹੋਈ ਇਹ ਕੋਈ ਘਟ ਪ੍ਰਾਪਤੀ ਨਹੀਂ ਸ: ਪ੍ਰਕਾਸ਼ ਸਿੰਘ ਬਾਦਲ ਵਜਾਰਤ ਦੀ। ਵਿਕਾਸ ਵੀ ਬਹੁਤ ਹੋਇਆ ਹੈ ਅਤੇ ਭਰਿਸ਼ਟਾਚਾਰ ਤੇ ਕੁਬਨਾਪੂਵਰੀ ਵੀ ਸਿਖਰਾਂ ਛੋਹ ਗਈ ਹੈ, ਇਸ ਰਾਜ ਵਿਚ।

1997 ਦੀਆਂ ਚੋਣਾਂ ਦੇ ਨਤੀਜੇ ਕਾਂਗਰਸ ਲਈ ਬੇਹੱਦ ਹੈਰਾਨੀ ਜਨਕ ਨਿਕਲੇ।

ਸ਼੍ਰੋਮਣੀ ਅਕਾਲੀ ਦਲ ਨੇ 92 ਸੀਟਾਂ ਲੜਕੇ 75 ਜਿਤ ਲਈਆਂ ਜੋ ਕਿ ਇਕ ਸ਼ਾਨਦਾਰ ਅਤੇ ਹੂੰਝਾ ਫੇਰੂ ਜਿਤ ਸੀ। 1997 ਦੀ ਚੋਣ ਵਿਚ ਸਭ ਤੋਂ ਮਾੜੀ ਕਾਰ ਗੁਜਾਰੀ ਇੰਡੀਅਨ ਨੈਸ਼ਨਲ ਕਾਂਗਰਸ ਦੀ ਸੀ ਉਸਨੇ 100 ਤੋਂ ਵਧ ਸੀਟਾਂ ਲੜਕੇ ਕੇਵਲ 14 ਸੀਟਾਂ ਹੀ ਜਿਤੀਆਂ। ਅੰਮ੍ਰਿਤਸਰ ਦੀ 16 ਸੀਟਾਂ ਵਿਚੋਂ ਕਾਂਗਰਸ ਨੂੰ ਇਕ ਵੀ ਨਾ ਮਿਲੀ ਕੇਵਲ। ਸੀਟ ਬਾਗੀ ਕਾਂਗਰਸੀ ਅੰਮ੍ਰਿਤਸਰ ਪਛਮੀ ਤੋਂ ਓਮ ਪ੍ਰਕਾਸ਼ ਸੋਨੀ ਜਿਤੇ ਸਨ। ਇਹ ਸੀਟ ਕਾਂਗਰਸ ਨੇ ਸੀ.ਪੀ.ਆਈ. ਨੂੰ ਸਮਝੌਤੇ ਵਿਚ ਛਡੀ ਸੀ। ਦੋ ਸੀਟਾਂ ਅੰਮ੍ਰਿਤਸਰ ਕੇਂਦਰੀ ਅਤੇ ਅੰਮ੍ਰਿਤਸਰ ਉਤਰੀ ਸ਼੍ਰੀਮਤੀ ਕਾਂਤਾ ਚਾਵਲਾ ਅਤੇ ਡ: ਬਲਦੇਵ ਰਾਜ ਜਿਤੇ ਸਨ। 13 ਸੀਟਾਂ ਹੀ ਬਾਦਲ ਅਕਾਲੀ ਦਲ ਜਿਤ ਗਿਆ ਸੀ।

ਪਰ 1999 ਦੀਆਂ ਲੋਕ ਸਭਾ ਚੋਣਾਂ ਸਮੇਂ ਕਾਂਗਰਸ ਨੇ ਵੇਰਕਾ, ਅੰਮ੍ਰਿਤਸਰ ਪਛਮੀ, ਅੰਮ੍ਰਿਤਸਰ ਦਖਣੀ, ਬਿਆਸ ਅਤੇ ਜੰਡਿਆਲਾ ਵਿਧਾਨ ਸਭਾ ਦੀ ਹਲਕਿਆਂ ਤੋਂ ਅਕਾਲੀ ਭਾਜਪਾ ਦੇ ਉਮੀਦਵਾਰ ਸੋਢੀ ਨਾਲੋ ਵਧ ਵੋਟਾਂ ਪ੍ਰਾਪਤ ਕੀਤੀਆਂ ਹਨ ਰਘੂ ਨੰਦ ਨੇ ਭਾਟੀਆ ਨੇ ਤਰਨ ਤਾਰਨ, ਮਜੀਠਾ, ਵਲਟੋਹਾਂ, ਅਜਨਾਲਾ, ਅੰਮ੍ਰਿਤਸਰ ਉਤਰੀ ਅਤੇ ਅੰਮ੍ਰਿਤਸਰ ਕੇਂਦਰੀ ਤੋਂ ਕੇਵਲ ਸਾਢੇ 4 ਸੌ ਤੋਂ 2800 ਤਕ ਵੋਟ ਹੀ ਘਟ ਪ੍ਰਾਪਤ ਕੀਤੇ ਹਨ। ਇਨਾਂ ਛੇਆਂ ਹਲਕਿਆਂ ਵਿਚ ਆਪਣੀ ਪੁਜੀਸ਼ਨ ਚੰਗੀ ਕੀਤੀ ਹੈ। ਤਰਨ ਤਾਰਨ ਤੇ ਅੰਮ੍ਰਿਤਸਰ ਉਤਰੀ ਵਿਚ ਤਾਂ ਫਰਕ ਕੇਵਲ ਸੈਂਕੜਿਆਂ ਦਾ ਹੀ ਸੀ। ਇਸ ਸਮੇਂ ਕਿਸੇ ਧਿਰ ਦੀ ਵੀ ਲਹਿਰ ਨਹੀਂ ਹੈ। ਬਾਦਲ ਅਕਾਲੀ ਦਲ ਅਤੇ ਪੰਥਕ ਮੋਰਚੇ ਵਿਚ ਵੋਟਾਂ ਦੀ ਵੰਡ ਹੈਰਾਨੀ ਜਨਕ ਨਤੀਜੇ ਪੈਦਾ ਕਰ ਸਕਦੀ ਹੈ। ਸ: ਬਾਦਲ ਦੀ ਸਹਿਯੋਗੀ ਪਾਰਟੀ ਭਾਰਤੀ ਜੰਤਾ ਪਾਰਟੀ ਨੇ 23 ਸੀਟਾਂ ਲੜੀਆਂ ਅਤੇ 18 ਉਤੇ ਜਿਤ ਪ੍ਰਾਪਤ ਕੀਤੀ ਇਹ ਵੀ ਉਨਾਂ ਦੀ ਸ਼ਾਨਦਾਰ ਜਿਤ ਸੀ। ਬਾਦਲ ਮੰਤ੍ਰੀ ਮੰਡਲ ਵਿਚ 40 ਤੋਂ ਵਧ ਮੈਂਬਰ ਵਜੀਰ ਹਨ ਜਿਨਾਂ ਵਿਚੋਂ 10 ਵਜੀਰ ਬੀ.ਜੇ.ਪੀ. ਦੇ ਅਤੇ ਇਕ ਡਿਪਟੀ ਸਪੀਕਰ ਬੀ.ਜੇ.ਪੀ ਦਾ ਹੈ।

ਇਹ ਸੀ ਪੰਜਾਬ ਵਿਧਾਨ ਸਭਾ ਦੇ ਚੋਣ ਇਤਿਹਾਸ ਉਤੇ ਇਕ ਉਡਦੀ ਪੰਛੀ ਝਾਤ। ਹੁਣ ਵਿਧਾਨ ਸਭਾ ਦੇ ਕੁਲ 117 ਹਲਕੇ ਹਨ। ਲੇਖਾ ਲੰਬਾ ਹੋ ਜਾਣ ਕਰਕੇ ਬਾਕੀ ਚੋਣ ਵੇਰਵਾ ਵਖਰੇ ਪਨਿਆਂ ਉਤੇ ਦਿਤਾ ਜਾ ਰਿਹਾ ਹੈ। ਸਾਡੇ ਪਾਠਕਾਂ ਦੀ ਦਿਲਚਸਪੀ ਨੂੰ ਮੁਖ ਰਖਦਿਆਂ ਸਾਨੂੰ ਆਜ਼ਾਦੀ ਤੋਂ ਪਹਿਲਾਂ ਦੇ ਇਤਿਹਾਸ ਉਤੇ ਵੀ ਚਲਵੀਂ ਜਿਹੀ ਨਜ਼ਰ ਦੌੜਾਉਣੀ ਪਈ ਹੈ। ਕਿਉਂਕਿ ਬਹੁਤ ਸਾਰੇ ਨਵੀਂ ਪੀੜੀ ਦੇ ਪਾਠਕਾਂ ਨੂੰ ਇਹ ਨਹੀਂ ਪਤਾ ਕਿ ਅਕਾਲੀ ਆਜਾਦੀ ਤੋਂ ਪਹਿਲਾਂ ਵੀ ਰਾਜ ਸਰਕਾਰਾਂ ਵਿਚ ਭਾਈਵਾਲ ਰਹੇ ਹਨ।

ਪੰਜਾਬ ਦੇ ਅਕਾਲੀ - ਕਾਂਗਰਸੀ ਰਾਜ ਨੇਤਾਵਾਂ ਦੀਆਂ ਸਾਕ-ਸਕੀਰੀਆਂ ਤੇ ਅੰਗਲੀਆਂ - ਸੰਗਲੀਆਂ

ਪੰਜਾਬ ਦੀ ਚੋਣ ਰਾਜਨੀਤੀ ਵਿਚ ਕੁਝ ਕੁ ਉਂਗਲਾਂ ਉਤੇ ਗਿਣੇ ਜਾਣ ਵਾਲੇ ਪ੍ਰਵਾਰ ਹੀ ਛਾਏ ਹੋਏ ਹਨ। ਅਤੇ ਇਹ ਪ੍ਰਵਾਰ ਵੀ ਆਪਸ ਵਿਚ ਸਾਕ-ਸਕੀਰੀਆਂ ਅਤੇ ਅੰਗਲੀਆਂ - ਸੰਗਲੀਆਂ ਰਾਹੀਂ ਜੁੜੇ ਹੋਏ ਹਨ ਭਾਵੇਂ ਕੋਈ ਕਾਂਗਰਸ ਪਾਰਟੀ ਦਾ ਨੇਤਾ ਹੋਵੇ ਜਾਂ ਅਕਾਲੀ ਪਾਰਟੀ ਦਾ ਨੇਤਾ ਪਰ ਆਪਸ ਵਿਚ ਗੂੜੀਆਂ ਰਿਸ਼ਤੇ ਦਾਰੀਆਂ ਰਾਹੀਂ ਇਕੋ ਤਾਣਾ ਪੇਟਾ ਹੈ ਇਨਾਂ ਪ੍ਰਵਾਰਾਂ ਦਾ। ਬਾਦਲ, ਬਰਾੜ, ਕੈਰੋਂ ਅਤੇ ਪਟਿਆਲੇ ਦਾ ਸ਼ਾਹੀ ਪ੍ਰਵਾਰ, ਟੌਹੜਾ, ਭੱਠਲ ਰਾਜਨੀਤੀ ਵਿਚ ਪਹਿਲੀ ਪਾਲ ਦੇ ਪਲੇਅਰ ਹਨ ਅਤੇ ਮਾਨ, ਢੀਂਡਸਾ ਅਤੇ ਬਰਨਾਲਾ ਬੀ ਟੀਮ ਦੇ ਪਲੇਅਰ ਸਮਝੇ ਜਾਂਦੇ ਹਨ ਰਾਜਨੀਤੀ ਦੀ ਖੇਡ ਦੇ। 1997 ਵਿਚ ਪ੍ਰਕਾਸ਼ ਸਿੰਘ ਬਾਦਲ ਤੀਜੀ ਵਾਰ ਪੰਜਾਬ ਦਾ ਮੁਖਮੰਤ੍ਰੀ ਬਣਿਆ, ਹਰਚਰਨ ਬਰਾੜ 1995 ਵਿਚ ਅਤੇ ਬੀਬੀ ਭਠਲ 1996-97 ਵਿਚ ਕੁਝ ਮਹੀਨਿਆਂ ਲਈ ਮੁਖ ਮੰਤ੍ਰੀ ਦੇ ਪਦ ਉਤੇ ਰਹੇ।

ਅਜਕਲ ਕੈਰੋਂ ਪ੍ਰਵਾਰ ਦੇ ਤਿੰਨ ਮੈਂਬਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਰਾਜਨੀਤੀ ਵਿਚ ਸਰਗਰਮ ਹਨ। 1956 ਤੋਂ 64 ਤਕ ਮਰਹੂਮ ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਮੁਖਮੰਤ੍ਰੀ ਰਹੇ ਸਨ। ਦੋਵੇਂ ਪੁਤਰ ਸੁਰਿੰਦਰ ਕੈਰੋਂ, ਗੁਰਿੰਦਰ ਕੈਰੋਂ ਅਤੇ ਪੋਤਰਾ ਅਦੇਸ਼ ਪ੍ਰਤਾਪ ਸਿੰਘ ਰਾਜਨੀਤੀ ਦੀ ਖੇਡ ਕਰ ਰਹੇ ਹਨ। ਗੁਰਿੰਦਰ ਕੈਰੋਂ ਤਰਨ ਤਾਰਨ ਤੋਂ ਕਾਂਗਰਸ ਟਿਕਟ ਉਤੇ ਚੋਣ ਲੜ ਰਿਹਾ ਹੈ ਅਤੇ ਅਦੇਸ਼ ਪ੍ਰਤਾਪ ਸਿੰਘ ਪਟੀ ਤੋਂ ਅਕਾਲੀ ਟਿਕਟ ਉਤੇ ਸਹੁਰਾ ਵਰਤਮਾਨ ਮੁਖਮੰਤ੍ਰੀ ਲੰਬੀ ਤੋਂ ਚੋਣ ਲੜ ਰਿਹਾ ਹੈ ਅਤੇ ਉਸਦੇ ਦਾਮਾਦ ਫੁਫੜ ਹਰਚਰਨ ਸਿੰਘ ਬਰਾੜ ਮੁਕਤਸਰ ਤੋਂ ਕਾਂਗਰਸ ਟਿਕਟ ਉਤੇ ਚੋਣ ਲੜ ਰਿਹਾ ਹੈ।

ਅਕਾਲੀ ਰਾਜਨੀਤੀ ਕੁਝ ਕੁ ਪ੍ਰਵਾਰਾਂ ਬਾਦਲ, ਬਰਨਾਲਾ, ਟੌਹੜਾ, ਤਲਵੰਡੀ ਦੁਆਲੇ ਹੀ ਘੁੰਮਦੀ ਰਹੀ ਹੈ। ਬਾਦਲ ਦਾ ਪੁਤਰ ਰਾਜ ਸਭਾ ਦਾ ਮੈਂਬਰ ਹੈ, ਭਤੀਜਾ ਐਮ.ਐਲ.ਏ. ਅਤੇ ਜੁਆਈ ਪੰਜਾਬ ਵਜਾਰਤ ਵਿਚ ਅਕਾਲੀ ਮੰਤ੍ਰੀ ਹੈ। ਹਰਚਰਨ ਸਿੰਘ ਬਰਾੜ ਕੈਰੋਂ ਪ੍ਰਵਾਰ ਵਿਚ ਵਿਆਹਿਆ ਹੋਇਆ ਹੈ ਅਤੇ ਬਾਦਲ ਤੇ ਬਰਾੜ ਪ੍ਰਵਾਰ ਦੀ ਕੈਪਟਨ ਅਮਰਿੰਦਰ ਸਿੰਘ ਰਾਹੀਂ ਅੰਗਲੀ-ਸੰਗਲੀ ਜੁੜਦੀ ਹੈ। ਕਾਕਾ ਹਰਚਰਨ ਬਰਾੜ ਦਾ ਕਾਕਾ ਛਨੀ ਅਮਰਿੰਦਰ ਸਿੰਘ ਮਹਾਰਾਜੇ ਦੇ ਭਤੀਜੇ ਦਾ ਸਾਢੂ ਹੈ ਅਤੇ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਅੰਮ੍ਰਿਤਸਰ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਮਾਨ ਦਾ ਸਕਾ ਸਾਢੂ ਹੈ।

ਸੁਖਬੀਰ ਬਾਦਲ ਦਾ ਸਾਲਾ ਮਰਹੂਮ ਗੁਰਦਰਸ਼ਨ ਸਿੰਘ ਨਾਭਾ ਦੇ ਪੁਤਰ ਰਮਨਦੀਪ ਸਿੰਘ ਨਾਭਾ ਜੋ ਕਿ ਕਾਂਗਰਸ ਟਿਕਟ ਉਤੇ ਚੋਣ ਲੜ ਰਿਹਾ ਹੈ ਦਾ ਸਬੰਧੀ ਹੈ। ਵਡਾ ਬਾਦਲ ਦੀ ਰਵੀਇੰਦਰ ਸਿੰਘ ਜੋ ਕਿ ਬਲਦੇਵ ਸਿੰਘ ਦੇ ਭਤੀਜੇ ਹਨ ਨਾਲ ਰਿਸ਼ਤੇਦਾਰ ਹੈ। ਰਵੀਇੰਦਰ ਸਿੰਘ ਨੇ ਬਾਦਲ ਵਿਰੁਧ ਬਗਾਵਤ ਕਰ ਰਖੀ ਹੈ। ਤੋਤਾ ਸਿੰਘ ਸਿਖਿਆ ਮੰਤ੍ਰੀ ਅਕਾਲੀ, ਜਗਦੀਸ਼ ਸਿੰਘ ਗਰਚਾ ਤੇ ਇਕ ਹੋਰ ਅਕਾਲੀ ਮੰਤ੍ਰੀ ਦੀ ਸਮਰਾਲਾ ਤੋਂ ਕਾਂਗਰਸ ਟਿਕਟ ਉਤੇ ਲੜ ਰਹੇ ਅਮਰੀਕ ਸਿੰਘ ਢਿਲੋਂ ਨਾਲ ਨੇੜ ਦੀ ਰਿਸ਼ਤੇਦਾਰੀ ਹੈ। ਪਰਵਾਰ ਵਾਦ ਦੀ ਬੀਮਾਰੀ ਵੀ ਕੁਝ ਕੁ ਪ੍ਰਵਾਰਾਂ ਤਕ ਸੀਮਤ ਹੈ। ਬਾਦਲ ਪ੍ਰਵਾਰ ਵਾਦ ਦੀ ਬੀਮਾਰੀ ਦਾ ਵਡਾ ਸ਼ਿਕਾ ਬਣਿਆ ਅਤ ਘਟ ਵਿਰੋਧੀ ਵੀ ਨਹੀਂ ਸਿਮਰਨਜੀਤ ਸਿੰਘ ਮਾਨ ਦਾ ਲੜਕਾ ਈਮਾਨ ਸਿੰਘ ਮਾਨ ਸਰਹੰਦ ਤੋਂ ਪੰਥਕ ਮੋਰਚੇ ਦਾ ਉਮੀਦਵਾਰ ਹੈ ਜਦੋਂ ਕਿ ਮਾਨ ਆਪ ਸੰਗਰੂਰ ਤੋਂ ਲੋਕ ਸਭਾ ਦਾ ਮੈਂਬਰ ਹੈ, ਸੁਖਦੇਵ ਸਿੰਘ ਢੀਂਡਸਾ ਕੇਂਦਰ ਵਿਚ ਮੰਤ੍ਰੀ ਹੈ ਅਤੇ ਉਸਦਾ ਲੜਕਾ ਪਰਮਿੰਦਰ ਸਿੰਘ ਢੀਂਡਸਾ ਐਮ.ਐਲ.ਏ. ਸੁਨਾਮ ਤੋਂ ਦੁਬਾਰਾ ਬਾਦਲ ਦਲ ਦਾ ਉਮੀਦਵਾਰ ਹੈ।

ਮਰਹੂਮ ਬੇਅੰਤ ਸਿੰਘ ਦੇ ਪੁਤਰ ਤੇਜ ਪ੍ਰਕਾਸ਼ ਪਾਇਲ ਤੋਂ ਅਤੇ ਪੁਤਰੀ ਗੁਰਕੰਵਲ ਕੌਰ ਜਲੰਧਰ ਛਾਉਣੀ ਤੋਂ ਕਾਂਗਰਸੀ ਉਮੀਦਵਾਰ ਹਨ। ਸੁਰਜੀਤ ਬਰਨਾਲਾ ਉਤਰਾਂਚਲ ਦਾ ਗਵਰਨਰ ਹੈ ਅਤੇ ਪੁਤਰ ਗਗਨਦੀਪ ਧੂਰੀ ਤੋਂ ਬਾਦਲ ਦਲ ਦਾ ਉਮੀਦਵਾਰ ਹੈ ਬਲਰਾਮ ਜਾਖੜ ਦਾ ਪਤਰ ਸ਼ਨੀਲ ਜਾਖੜ ਅਬੋ ਹਰ ਤੋਂ ਕਾਂਗਰਸ ਟਿਕਟ ਉਤੇ ਲੜ ਰਿਹਾ ਹੈ। ਜਦੋਂ ਕਿ ਸੁਖਪਾਲ ਸਿੰਘ ਖੇੜਾ ਸਾਬਕਾ ਅਕਾਲੀ ਮੰਤ੍ਰੀ ਸੁਖਜਿੰਦਰ ਸਿੰਘ ਦਾ ਪੁਤਰ ਭੁਲੱਥ ਤੋਂ ਕਾਂਗਰਸੀ ਉਮੀਦਵਾਰ ਹੈ, ਬੀਬੀ ਜਾਗੀਰ ਕੌਰ ਦੇ ਵਿਰੁਧ।

ਸ਼ਮਸ਼ੇਰ ਸਿੰਘ ਦੂਲੋ ਲੋਕ ਸਭਾ ਦਾ ਮੈਂਬਰ ਹੈ ਅਤੇ ਉਸਦੀ ਪਤਨੀ ਹਰਬੰਸ ਕੌਰ ਦੂਲੋਂ ਖੰਨਾ ਤੋਂ ਕਾਂਗਰਸ ਟਿਕਟ ਉਤੇ ਉਮੀਦਵਾਰ ਹੈ। ਸ਼੍ਰੀਮਤੀ ਸੰਤੋਸ਼ ਚੌਧਰੀ ਐਮ.ਪੀ. ਫਿਲੌਰ ਦਾ ਪਤੀ ਰਾਮ ਲੁਭਾਇਆ ਸ਼ਾਮਚੁਰਾਸੀ ਤੋਂ ਕਾਂਗਰਸੀ ਉਮੀਦਵਾਰ ਹੈ, ਰਾਜ ਨੇਤਾਵਾਂ ਦੀ ਇਹ ਨਾ ਮੁਕਣ ਵਾਲੀ ਸੂਚੀ ਹੈ। ਜੋ ਕਿ ਪ੍ਰਵਾਰ ਵਾਦ ਵਿਚ ਗ੍ਰਸੇ ਹੋਏ ਹਨ। ਇਹ ਇਕ ਕਮਜੋਰ ਅਤੇ ਬੀਮਾਰ ਰਾਜਨੀਤੀ ਦੀ ਨਿਸ਼ਾਨੀ ਤੇ ਹੈ ਹੀ ਪਰ ਜਮਹੂਰੀਅਤ ਅਤੇ ਲੋਕ ਤੰਤਰ ਲਈ ਖਤਰਾ ਵੀ ਹੈ ਅਤੇ ਮਜ਼ਾਕ ਵੀ। ਫੇਰ ਇਹ ਆਪਸ ਵਿਚ ਵਿਰੋਧੀ ਪਾਰਟੀਆਂ ਵਿਚ ਹੋਣ ਕਾਰਨ ਇਕ ਦੂਜੇ ਉਤੇ ਕੁਨਬਾ ਪ੍ਰਵਰੀ ਦੀ ਬੜੀ ਢੀਠਤਾਈਂ ਨਾਲ ਦੂਸ਼ਣ ਬਾਜ਼ੀ ਕਰਦੇ ਹਨ।

ਸ਼ਾਹ ਮਹੁੰਮਦਾ ਆਖਦੇ ਮਾਨ, ਬਾਦਲ ਪਾਣੀ ਨਹੀਂ ਹਰਿਆਣੇ ਨੂੰ ਜਾਣ ਦੇਣਾ

ਸੰਤ, ਪੰਥ ਤੇ ਧਰਮ ਦਾ ਵਰਤ ਪੱਤਾ,
ਜਿਹੜੇ ਸਿਆਸਤ ਦੀ ਖੇਡ ਚਲਾਂਵਦੇ ਰਹੇ।
ਪਾਣੀ ਨਹੀਂ ਹਰਿਆਣੇ ਨੂੰ ਜਾਣ ਦੇਣਾ,
ਨਹਿਰਾਂ ਪੂਰਨ ਲਈ ਲੋਕ ਉਕਸਾਂਵਦੇ ਰਹੇ।
ਪੰਜਾਬੀ ਬੋਲਦੇ ਪਿੰਡਾਂ ਦੀ ਮੰਗ ਲੈਕੇ,
ਚੰਡੀਗੜ੍ਹ ਲਈ ਮੋਰਚੇ ਲਾਂਵਦੇ ਰਹੇ।
ਫੇਰੂਮਾਨ ਤਾਂ ਹੱਠ ਤੋਂ ਡੋਲਿਆ ਨਾ,
ਮਰਨ-ਵਰਤ ਰੱਖ ਛਡ ਇਹ ਜਾਂਵਦੇ ਰਹੇ।
ਗਦੀ ਬੈਠੇ ਤਾਂ ਬਦਲ ਗਏ ਤੌਰ ਸਾਰੇ,
ਗਏ ਭੁਲ ਨਾਹਰੇ ਜੋ ਉਚਾਰਦੇ ਰਹੇ।
ਧੂੜ ਦਿਸੀ ਨਾ ਮੱਥੇ ਪੰਜਾਬ ਦੇ 'ਤੇ,
ਪੋਚਾ ਤਾਊ (ਦੇਵੀ ਲਾਲ) ਦੇ ਬੁਤ 'ਤੇ ਮਾਰਦੇ ਰਹੇ।

ਗਜ਼ਲ

ਨਦੀਮ ਪ੍ਰਮਾਰ

ਬਿਨ ਤਿਕੇ ਮੈਨੂੰ ਵੀ ਜੀਣਾ ਆ ਗਿਆ
ਦਿਲ ਦਿਆਂ ਜ਼ਖਮਾਂ ਨੂੰ ਸੀਣਾ ਆ ਗਿਆ।
ਅੱਜ ਇਕ ਮਸਤੀ ਲੁਟਾਂਦੀ ਅੱਖ 'ਚੋਂ
ਸਾਕੀਆ! ਮੈਨੂੰ ਵੀ ਪੀਣਾ ਆ ਗਿਆ।
ਦਿਲ ਦਿਆਂ ਜ਼ਖਮਾਂ ਨੂੰ ਮੇਰੇ ਦੇਖਕੇ
ਸ਼ੋਖ ਕਲੀਆਂ ਨੂੰ ਪਸੀਨਾ ਆ ਗਿਆ।
ਆਖਿਆ ਸਾਕੀ ਨੇ ਮੈਨੂੰ ਦੇਖਕੇ
ਪਰਤ ਕੇ ਫੇਰ ਇਹ ਕਮੀਨਾ ਆ ਗਿਆ।
ਪੀਣ ਦਾ ਮੌਸਮ ਕਦੋਂ ਤਕ ਆਏਗਾ
ਦਸ ਖਾਂ ਕਿਹੜਾ ਮਹੀਨਾ ਆ ਗਿਆ।
ਆ ਗਈ ਗਰਦਿਸ਼ 'ਚ ਹੈ ਕਿਸਮਤ ਮਿਰੀ
ਦੂਰ ਕੰਢੇ ਤੋਂ ਸਫੀਨਾ ਆ ਗਿਆ।
ਮੇਰਿਆਂ ਬੁਲਾਂ ਤੇ ਹਾਸੇ ਦੇਖਕੇ
ਜੱਗ ਦੇ ਮੂੰਹ 'ਤੇ ਪਸੀਨਾ ਆ ਗਿਆ।
ਤੇਰਿਆਂ ਦੁਖਾਂ ਨੂੰ ਕਿਉਂ ਅੱਜ ਦੇਖਕੇ
ਮੇਰੇ ਦੁਖਾਂ ਨੂੰ ਪਸੀਨਾ ਆ ਗਿਆ।

Dasmesh Punjabi School

Kindergarten Registration 2002-03

(children born in 1997)

Monday, Tuesday and Wednesday, January 21, 22, 23, 2002
(2 kindergarten classes only)

ਕਿੰਡਰਦਾਰਟਨ 2002-03 ਦੀ ਰਾਜਿਸਟਰੇਸ਼ਨ - ਜਨਵਰੀ 21 ਤੋਂ ਜਨਵਰੀ 23,2001
(ਸਿਰਫ ਦੋ ਕਿੰਡਰਗਾਰਟਨ ਕਲਾਸਾਂ ਹੋਣਗੀਆਂ)

First Come First Served Basis

Registration forms and information available from the school office
ਸਕੂਲ ਦੇ ਦਫਤਰ ਤੋਂ ਰਾਜਿਸਟਰੇਸ਼ਨ ਫਾਰਮ ਅਤੇ ਹੋਰ ਜਾਣਕਾਰੀ ਲੈ ਸਕਦੇ ਹੋ।

1. Kindergarten is a full time program from 8:30am to 2:40pm
2. English medium instruction
3. Traditional approach to phonics
4. Punjabi and Sikh Studies are integral component of our curriculum

Urgent - don't miss this opportunity! If these fixed dates are missed and all seats are filled, the school will not be able to accomodate you.
ਜਰੂਰੀ: ਇਹ ਮੌਕਾ ਨਾਂ ਗਵਾਓ। ਜੇਕਰ ਤੁਸੀਂ ਜਨਵਰੀ 21 ਤੋਂ ਜਨਵਰੀ 23 ਤੱਕ ਰਜਿਸਟਰੇਸ਼ਨ ਨਾਂ ਕਰਵਾ ਸਕੇ ਅਤੇ ਦੋਨਾਂ ਕਲਾਸਾਂ ਲਈ ਸੀਟਾਂ ਪੂਰੀਆਂ ਹੋ ਗਈਆਂ ਤਾਂ ਸਕੂਲ ਤੁਹਾਡੇ ਬੱਚੇ ਨੂੰ ਦਾਖਲ ਨਹੀਂ ਕਰ ਸਕੇਗਾ।

Phone: 604.852-8986 Fax: 604.852.8924
33094 South Fraser Way, Abbotsford, BC V2S 2A9

ਪੰਜਾਬੀ ਗਾਇਕੀ ਵਿਚ ਵਿਗਾੜ (ਗੁਰਵਿੰਦਰ ਸਿੰਘ)

ਪੰਜਾਬ ਦੀ ਲੋਕ ਗਾਇਕੀ ਦਾ ਪੰਜਾਬ ਦੇ ਲੋਕ ਜੀਵਨ ਨਾਲ ਬਹੁਤ ਗੂੜ੍ਹਾ ਸਬੰਧ ਹੈ । ਇਹੋ ਗਾਇਕੀ ਪੰਜਾਬੀਅਤ , ਸਭਿਆਚਾਰਕ ਵਿਰਾਸਤ , ਪੰਜਾਬ ਦੇ ਭਗੋਲਿਕ ਖਿੱਤੇ , ਇਸ ਖੇਤਰ ਦੀ ਸਥਾਨਕ ਭਾਸ਼ਾ ਪੰਜਾਬੀ ਤੇ ਇਥੋਂ ਦੇ ਲੋਕਾਂ ਦੀ ਜੀਵਨ ਜਾਚ ਅਤੇ ਉਨ੍ਹਾਂ ਦੇ ਗੁਣਾ ਨਾਲ ਸਬੰਧ ਰੱਖਦੀ ਹੈ । ਇਹੀ ਇਸਨੂੰ ਭਾਰਤ ਦੀਆਂ ਦੂਜੀਆਂ ਕੌਮਾਂ ਤੋਂ ਨਿਖੇੜਦੀ ਹੋਈ ਨਜ਼ਰ ਆਉਂਦੀ ਹੈ । ਇਹ ਲੋਕ ਗਾਇਕੀ ਪੰਜਾਬੀ ਸਭਿਆਚਾਰ , ਪੰਜਾਬੀਅਤ ਅਤੇ ਪੰਜਾਬੀ ਬੋਲੀ ਨੂੰ ਹੀ ਪ੍ਰਤੀਬਿੰਬਤ ਨਹੀਂ ਕਰਦੀ ਸਗੋਂ ਇਸ ਵਿਚ ਪੰਜਾਬ ਦਾ ਇਤਿਹਾਸ ਵੀ ਮੌਜੂਦ ਹੈ । ਇਸ ਰਾਹੀਂ ਸਮੁੱਚੀ ਕੌਮ ਦੇ ਦੀਦਾਰ ਹੁੰਦੇ ਹਨ । ਇਸ ਰਾਹੀਂ ਪੰਜਾਬੀ ਸਭਿਆਚਾਰ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ । ਲੋਕ ਗਾਇਕੀ ਇਕ ਨਿਰੰਤਰ ਪ੍ਰਵਾਹ ਹੈ । ਇਹ ਪੀੜੀ-ਦਰ-ਪੀੜੀ ਚਲਦੀ ਹੋਈ ਕੁਝ ਨਵਾਂਪਣ ਵੀ ਸਿਰਜ ਲੈਂਦੀ ਹੈ । ਇਸ ਨੇ ਸਮੇਂ ਦੇ ਹਾਣ ਦੀ ਬਣਕੇ ਲੋਕ ਪ੍ਰਵਾਨਗੀ ਲੈ ਕੇ ਲੋਕਾਂ ਵਿਚ ਪ੍ਰਚਲਿਤ ਹੋਣਹੁੰਦਾ ਹੈ । ਲੋਕ ਗਾਇਕੀ ਸਾਡੇ ਸੰਸਕਾਰਾਂ ,ਰੁਤਾਂ, ਦੇਵੀ ਦੇਵਤਿਆਂ ,ਗੁਰੂਆਂ, ਪੀਰਾਂ ਫਕੀਰਾਂ, ਮੇਲਿਆਂ, ਤਿਉਹਾਰਾਂ, ਪਿਆਰ ਸਬੰਧੀ ਜਜ਼ਬਾਤਾਂ ਬਚਿਆਂ ਦੇ ਮਨੋ ਭਾਵਾਂ ਨਾਲ ਭਰਿਆ ਅਤੇ ਦਿਲੀ ਖੁਸ਼ੀ ਨਾਲ ਜੁੜਿਆ ਹੋਇਆ ਇਕ ਆਪ-ਮੁਹਾਰਾ ਉਛਾਲ ਹੈ । ਜਿਸਨੇ ਸਾਡੇ ਭਾਵਾਂ ਦੀ ਤਰਜ਼ਮਾਨੀ ਕਰਨੀ ਹੁੰਦੀ ਹੈ । ਪੰਜਾਬ ਦੀ ਲੋਕ ਗਾਇਕੀ ਦਾ ਸਰੂਪ ਵੱਖ ਵੱਖ ਸਮੇਂ ਬਦਲਦਾ ਰਿਹਾ ਹੈ । ਲੋਕ ਗਾਇਕੀ ਨੂੰ ਕਈ ਪੜਾਅ ਪਾਰ ਕਰਨੇ ਪਏ । ਪਰ ਇਸਦੇ ਨਾਲ ਹੀ ਵਰਤਮਾਨ ਸਮੇਂ ਪੰਜਾਬ ਵਿਚ ਪ੍ਰਚਲਿਤ ਲੋਕ ਗਾਇਕੀ ਦਾ ਜਾਇਜ਼ਾ ਲੈਣਾ ਵੀ ਜ਼ਰੂਰੀ ਹੈ । ਲੋਕ ਗਾਇਕੀ ਨੂੰ ਲੋਕਾਂ ਪਾਸੋਂ ਕਾਫੀ ਹੁੰਗਾਰਾ ਮਿਲਦਾ ਰਿਹਾ ਹੈ । ਇਹ ਗਾਇਕੀ ਸ਼ੁਰੂ ਵਿਚ ਢੱਡ ਸਾਰੰਗੀ, ਤੂੰਬੇ ਅਤੇ ਇਕ ਤਾਰੇ ਨਾਲ ਗਾਉਣ ਵਜੋਂ ਪ੍ਰਚਲਿਤ ਰਹੀ । ਦੂਜੀ ਕਿਸਮ ਦੀ ਗਾਇਕੀ ਧਾਰਮਿਕ ਦਾਇਰੇ ਵਾਲੀ ਹੈ । ਇਸ ਵਿਚ ਕਵੀਸ਼ਰੀ ਤੇ ਦੇਵੀ ਦੀਆਂ ਭੇਟਾਂ ਸ਼ਾਮਲ ਹਨ । ਤੀਜੀ ਕਿਸਮ ਦੀ ਗਾਇਕੀ ਸਭਿਆਚਾਰਕ ਰੰਗ ਵਾਲੀ ਕਹੀ ਜਾ ਸਕਦੀ ਹੈ । 1970-75 ਦੇ ਕਰੀਬ ਪੰਜਾਬ ਦੀ ਲੋਕ ਗਾਇਕੀ ਦਾ ਵਪਾਰੀਕਰਨ ਹੋਣਾ ਸ਼ੁਰੂ ਹੋਇਆ ਅਤੇ 1985-90 ਤਕ ਇਸ ਗਾਇਕੀ ਦੀ ਸਰਦਾਰੀ ਪੇਂਡੂ ਹਲਕਿਆਂ ਵਿਚ ਅਖਾੜਿਆਂ ਦੇ ਰੂਪ ਰਾਹੀਂ ਸਾਹਮਣੇ ਆਈ । ਇਸ ਪ੍ਰਚਲਿਤ ਧਾਰਮਿਕ ਤੇ ਸਭਿਆਚਾਰਕ ਗਾਇਕੀ ਨੂੰ ਗਾਉਣ ਵਾਲੇ ਕਲਾਕਾਰ ਯਮਲਾ ਜੱਟ ਅਤੇ ਨਰਿੰਦਰ ਬੀਬਾ ਸਨ । ਦੂਜੀ ਕਿਸਮ ਇਸ ਤਰ੍ਹਾਂ ਦੀ ਹੈ ਜੋ ਨੀਵੇਂ ਪੱਧਰ ਉੱਤੇ ਵਿਚਰਦੀ ਹੋਈ ਕਾਮਕ ਭਾਵਨਾਵਾਂ ਨੂੰ ਛੇੜਦੀ ਹੈ । ਮਸ਼ੀਨੀ ਯੁਗ ਆਉਣ ਨਾਲ ਪੰਜਾਬੀ ਲੋਕ ਗਾਇਕੀ ਨੂੰ ਕਾਫੀ ਢਾਹ ਲਗੀ ਹੈ ਅਤੇ ਇਸ ਵਿਚ ਵਿਗਾੜ ਆਇਆ । ਧੁਨੀ ਯੰਤਰਾਂ ਨੇ ਇਸ ਦੀ ਮੌਲਿਕਤਾ ਨੂੰ ਨਿਘਾਰ ਵਲ ਲਿਆਂਦਾ ਹੈ । ਵਰਤਮਾਨ ਲੋਕ ਗਾਇਕੀ ਮੰਡੀ ਦੀ ਖਪਤ ਨੂੰ ਧਿਆਨ ਹਿੱਤ ਰਖਕੇ ਗਾਈ ਜਾਂਦੀ ਹੈ । ਕੈਸਟ ਕਲਚਰ ਨੇ ਅਸਲ ਪੰਜਾਬੀ ਲੋਕ ਗਾਇਕੀ ਨੂੰ ਸਸਤੀ, ਲੱਚਰ ਤੇ ਸਸਤੀ ਸ਼ੋਹਰਤ ਵਾਲੀ ਗਾਇਕੀ ਵਲ ਧਕੇਲਣਾ ਸ਼ੁਰੂ ਕੀਤਾ ਹੋਇਆ ਹੈ । ਪੰਜਾਬ ਦੀ ਲੋਕ ਗਾਇਕੀ ਦੇ ਅਸਲ ਰੰਗ ਨੂੰ ਖਰਾਬ ਕਰਨ ਦੇ ਲਈ ਦੋਸ਼ੀਆਂ ਦੀ ਸੂਚੀ ਕਾਫੀ ਲੰਬੀ ਹੈ । ਸਭ ਤੋਂ ਵਧ ਦੋਸ਼ੀ ਉਹ ਹਨ ਜਿਹੜੇ ਘਟੀਆ ਕਿਸਮ ਦੀ ਗਾਇਕੀ ਨੂੰ ਮਾਨਤਾ ਦਿੰਦੇ ਹਨ । ਪੰਜਾਬੀ ਦੀ ਲੋਕ ਗਾਇਕੀ ਪਛਮੀ ਵਿਰਾਸਤ ਤੇ ਸੰਸਕ੍ਰਿਤੀ ਦਾ ਪ੍ਰਭਾਵ ਕਬੂਲਦੀ ਹੋਈ ਨਜ਼ਰ ਆਉਂਦੀ ਹੈ । ਲੋਕ ਗਾਇਕੀ ਨੂੰ ਵਿਗਾੜ ਦੇ ਰਾਹ ਉਤੇ ਲਿਜਾਣ ਵਾਲੇ ਮੁਖ ਤੱਤ ਹਨ । ਪੰਜਾਬੀ ਗਾਇਕੀ ਦਾ ਪਛਮੀ ਕਰਨ ਕਰਨਾ, ਵਿਦੇਸ਼ੀ ਧੁਨਾਂ/ਤਰਜਾਂ ਦੀ ਵਰਤੋਂ ਮੰਡੀ ਦੀ ਖਪਤ ਨੂੰ ਸਾਹਮਣੇ ਰਖ ਕੇ ਕੀਤੀ ਜਾਂਦੀ ਹੈ । ਗੀਤ-ਗਾਣੇ ਦੀ ਪੇਸ਼ਕਾਰੀ ਏਨੀ ਅਸ਼ਲੀਲ ਹੁੰਦੀ ਹੈ ਜਿਸ ਨੂੰ ਪ੍ਰੀਵਾਰ ਵਿਚ ਬੈਠਕੇ ਸੁਣਿਆ - ਵੇਖਿਆ ਨਹੀਂ ਜਾ ਸਕਦਾ । ਇਸ ਵਿਗਾੜ ਨੂੰ ਰੋਕਿਆ ਜਾਣਾ ਚਾਹੀਦਾ ਹੈ । ਚੰਗੇ ਮਾੜੇ ਦੀ ਪਰਖ ਕਰਕੇ ਲੋਕ ਗਾਇਕੀ ਨੂੰ ਕੁਰਾਹੇ ਵਲ ਜਾਣ ਤੋਂ ਰੋਕਣਾ ਚਾਹੀਦਾ ਹੈ ।

ਜਨ-ਸੰਘ (ਭਾਰਤੀ ਜੰਤਾ ਪਾਰਟੀ)1952 ਤੋਂ ਹੁਣ ਤਕ ਦਾ ਚੋਣ ਸਫਰ

ਜਾਗੀਰ ਸਿੰਘ 'ਗਿਲ'

ਬੜੀ ਹੈਰਾਨੀ ਹੋਈ ਜਦੋਂ ਪਿਛਲੀ ਛਿਮਾਹੀ ਵਿਚ ਇਹ ਖਬਰ ਪੜ੍ਹਨ ਨੂੰ ਮਿਲੀ ਕਿ ਭਾਰਤੀ ਜੰਤਾ ਪਾਰਟੀ ਜੋ ਕਿ ਅਜ ਇੰਡੀਆ ਦੀ ਲੋਕ ਸਭਾ ਵਿਚ ਸਭ ਤੋਂ ਵਡੀ ਪਾਰਟੀ ਹੈ, ਇਹ ਪਾਰਟੀ ਆਪਣੀ ਸਿਲਵਰ ਜੁਬਲੀ ਮਨਾ ਰਹੀ ਹੈ। ਭਾਰਤੀ ਜੰਤਾ ਪਾਰਟੀ ਦਾ ਨਾਂ ਤਾਂ 1980 ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਰਖਿਆ, ਅਤੇ ਭਾਰਤ ਦੇ ਰਾਜਸੀ ਚਿਤਰ ਪਦ ਉਤੇ ਆਈ ਸੀ। 1977 ਵਿਚ ਵਰਤਮਾਨ ਭਾਰਤੀ ਜੰਤਾ ਪਾਰਟੀ ਬਨਾਉਣ ਤੇ ਬੰਨਣ ਵਾਲੇ ਜੰਤਾ ਪਾਰਟੀ ਵਿਚ ਸਨ। ਉਸ ਸਮੇਂ ਕਾਂਗਰਸ ਵਿਰੋਧੀ ਲਹਿਰ ਆਪਣੇ ਪੂਰੇ ਜੋਬਨ ਉਤੇ ਸੀ ਅਤੇ ਕਮਿਉਨਿਸਟ ਪਾਰਟੀਆਂ ਨੂੰ ਛਡ ਕੇ ਸਾਰੀਆਂ ਹੀ ਕੌਮੀ ਪਾਰਟੀਆਂ ਜੰਤਾ ਪਾਰਟੀ ਵਿਚ ਸਨ। ਉਸ ਸਮੇਂ ਕਾਂਗਰਸ ਵਿਰੋਧੀ ਲਹਿਰ ਆਪਣੇ ਪੂਰੇ ਜੋਬਨ ਉਤੇ ਸੀ ਅਤੇ ਕਮਿਉਨਿਸਟ ਪਾਰਟੀਆਂ ਨੂੰ ਛਡ ਕੇ ਸਾਰੀਆਂ ਹੀ ਕੌਮੀ ਪਾਰਟੀਆਂ ਨੂੰ ਛਡ ਕੇ ਸਾਰੀਆਂ ਹੀ ਕੌਮੀ ਪਾਰਟੀਆਂ ਜੰਤਾ ਪਾਰਟੀ ਵਿਚ ਸ਼ਾਮਿਲ ਹੋ ਗਈਆਂ ਸਨ। ਅਤੇ ਉਹ ਰੁਸੇ ਹੋਏ ਜਾਂ ਪੁਰਾਣੇ ਸਿੰਡੀਕੇਟੀਏ ਕਾਂਗਰਸੀ ਵੀ ਜਿਵੇਂ ਮੁਰਾਰ ਜੀ ਡਿਸਾਈ, ਚੰਦਰ ਸ਼ੇਖਰ, ਚੌਧਰੀ ਚਰਨ ਸਿੰਘ ਅਤੇ ਇਸਦੇ ਸਰਪਰਸਤ ਸਨ ਪੁਰਾਣੇ ਪਰਜਾ ਸੋਸ਼ਲਿਸਟ ਜੈ ਪ੍ਰਕਾਸ਼ ਨਰਾਇਣ। ਗਲ ਕੀ ਸਾਰੇ ਸਸੇ ਸਜ ਪਿਛਾਖੜੀ ਕੌੜਮਾ ਅਤੇ ਖਬੇ ਪਖੀ ਕਾਂਗਰਸ ਵਿਰੋਧ ਦੇ ਵਿਚ ਅੰਨੇ ਹੋਏ ਮਾਰਕਸੀ ਵੀ ਇਨਾਂ ਦੇ ਸਾਸੀ ਸਨ। ਪ੍ਰਧਾਨ ਮੰਤ੍ਰੀ ਦਾ ਗੁਣਾ ਤਾਂ ਪਿਆ। ਪੁਰਾਣੇ ਟਕਸਾਲੀ ਕਾਂਗਰਸੀ ਮੁਰਾਰਜੀ ਡਿਸਾਈ ਉਤੇ ਅਤੇ ਵਿਦੇਸ਼ ਮੰਤ੍ਰੀ ਬਣੇ ਹੁਣ ਵਾਲੇ ਪ੍ਰਧਾਨ ਮੰਤ੍ਰੀ ਅਟਲ ਬਿਹਾਰੀ ਵਾਜਪਾਈ। ਉਦੋਂ ਉਹ ਰੂਸ ਨਾਲ ਹੋਈ 20 ਸਾਲਾ ਸੁਰਖਿਆ ਸੰਧੀ ਵਿਰੁਧ ਪਾਣੀ ਪੀ. ਪੀ. ਕੇ ਬੋਲਦੇ ਸਨ ਪਰ ਜਦੋਂ ਬਣੇ ਵਿਦੇਸ਼ ਮੰਤ੍ਰੀ ਸਭ ਤੋਂ ਪਹਿਲਾਂ ਦੇਸ ਰੂਸ ਸੀ ਜਿਸਦਾ ਦੌਰਾ ਕਰਨ ਦਾ ਦੌਰਾ ਵਾਜਪਾਈ ਨੂੰ ਪਿਆ ਸੀ। ਤੇ ਨਾਂ ਤਾਂ ਛਡੀ ਰਾਸ਼ਟਰੀ ਸੋਇਸ ਸੇਵਕ ਸੰਘ ਦੀ ਮੈਂਬਰਸ਼ਿਪ ਤੇ ਨਾਲੇ ਸਤਾ ਦਾ ਸੁਆਦ ਮਾਨਣ ਲਈ ਜੰਤਾ ਪਾਰਟੀ ਦੇ ਮੁਢਲੇ ਮੈਂਬਰਾਂ ਦੀ ਪਾਲ ਵਿਚ ਪਹਿਲਾ ਸਥਾਨ ਛਡਣ ਅਤੇ ਏਜੰਡਾ ਵੀ ਹੁਣ ਵਾਂਗ ਗੁਪਤ ਚਲਾਈ ਜਾਣ। ਦੋਹਰੀ ਮੈਂਬਰ ਸ਼ਿਪ ਦੇ ਸੁਆਲ ਉਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਮੈਂਬਰੀ ਨਹੀਂ ਛਡੀ ਸਰਕਰ ਛਡ ਦਿਤੀ ਏਨੇ ਪਕੇ ਹਨ ਅਤੇ ਕਟੜ ਹਨ ਇਹ ਅਨਸਰ। ਜਦੋਂ ਜੰਤਾ ਪਾਰਟੀ ਵਿਚੋਂ ਨਿਕਲ ਗਏ ਤਾਂ ਪਾਰਟੀ ਦੇ ਮੂਹਰੇ ਭਾਰਤੀ ਨਾ ਜੋੜ ਕੇ ਬਣਾ ਲਈ ਭਾਰਤੀ ਜੰਤਾ ਪਾਰਟੀ। 1977 ਵਾਲੀ ਜੰਤਾ ਪਾਰਟੀ ਤਾਂ ਹੁਣ ਕਿਤੇ ਲਭਦੀ ਨਹੀਂ ਵਿਚਾਰੀ, ਤਿੰਨਾਂ ਸਾਲਾਂ ਵਿਚ ਹੀ ਚੇਤ ਵਿਚ ਜੰਮੀ ਵਿਸਾਖ ਵਿਚ ਮਰ ਗਈ ਟੁਟ ਪੈਣੀ ਮਸ਼ਕਰੀ ਕਰ ਗਈ। ਫੇਰ ਵੀ ਕਈ ਸੁਭ ਰਾਮਾ ਨ੍ਹੀਅਮ ਸਵਾਮੀ ਵਰਗੇ ਸਵਾਲਖ ਮੈਂਬਰ ਕਿਤੇ ਭਾਰਤ ਦੇ ਕਿਸੇ ਕੋਨੇ ਫਟਾ ਲਾਈ ਫਿਰਨ ਤਾਂ ਕਿਸੇ ਨੂੰ ਕੀ, ਦੇਸ਼ ਪੂਰੀ ਤਰ੍ਹਾਂ ਆਜਾਦ ਹੈ ਅਤੇ ਉਨਾਂ ਦਾ ਅਧਿਕਾਰ ਹੈ, ਗਲ ਭਾਰਤੀ ਜੰਤਾ ਪਾਰਟੀ ਦੀ 20 ਸਾਲਾਂ ਦੀ ਉਮਰ ਨੂੰ ਪੰਜਾਹ ਸਾਲਾਂ ਵਿਚ ਬਦਲਣ ਦੀ ਹੈ। ਅਸਲ ਵਿਚ ਇਹ ਕਟੜ ਪੰਥੀ ਹਿੰਦੂ ਫਿਰਕਾ ਪ੍ਰਸਤਾਂ ਦੀ ਜਨ ਸੰਘ ਪਾਰਟੀ ਦਾ ਹੀ ਰੂਪ ਹੈ। ਜੇ ਜੰਤਾਂ ਨੂੰ ਧੋਖਾ ਦੇਣ ਲਈ ਰੂਪ ਬਦਲ ਲੈਂਦੇ ਹਨ। 1950 ਵਿਚ ਸਿਆਮਾ ਪ੍ਰਸਾਦ ਮੁਕਰਜੀ ਅਤੇ ਵੀਰ ਸਰਭ ਵਰਕਰ ਨੇ ਇਕ ਪਾਰਟੀ ਕਾਇਮ ਕੀਤੀ ਸੀ ਹਿੰਦੂਆਂ ਦੀ ਉਸਦਾ ਨਾਮ ਸੀ ਜਨ - ਸੰਘ ਅਤੇ ਨਾਹਰਾ ਸੀ ਹਿੰਦੀ, ਹਿੰਦੂ, ਹਿੰਦੋਸਤਾਨ। ਸੋ ਹੁਣ ਸਾਫ ਹੋ ਗਿਆ ਕਿ ਨਾ ਤਾਂ ਇਹ ਜਨ ਸੰਘ ਦੀ ਸਿਲਵਰ ਜੁਬਲੀ ਸੀ ਕਿਉਂਕਿ 1977 ਤੋਂ ਵਾਜਪਾਈ, ਐਡਵਾਨੀ, ਮੁਰਲੀ ਮਨੋਹਰ ਜੋਸ਼ੀ ਬਲਰਾਮ ਜੀ ਦਾਸ ਟੰਡਨ ਜਨ ਸੰਘ ਨਹੀਂ ਰਹੇ ਸਨ ਜਨ ਸੰਘ 25 ਸਾਲਾਂ ਪਿਛੋਂ ਖਤਮ ਹੋ ਗਈ। ਅਗਲੇ ਤਿੰਨ ਸਾਲ ਇਹ ਸਾਰੇ ਸੰਘੀ ਸਭਾਈ ਜੰਤਾ ਪਾਰਟੀ ਦੇ ਲੇਬਲ ਥਲੇ ਜੰਤਾ ਨੂੰ ਧੋਖਾ ਦਿੰਦੇ ਰਹੇ ਕਿਉਂਕਿ ਜ਼ਹਿਨੀਅਤ ਅਤੇ ਸੋਚ ਵਿਚ ਕੋਈ ਫਰਕ ਨਹੀਂ ਪਿਆ ਸੀ। 1980 ਵਿਚ ਇਹ ਬੁਰਕਾ ਵੀ ਲਾਹ ਸੁਟਿਆ। ਨਵਾਂ ਲੇਬਲ ਲਾ ਲਿਆ ਭਾਰਤੀ ਜੰਤਾ ਪਾਰਟੀ ਦਾ ਪਰ ਹੈ ਇਸਦਾ ਬਹੁਤਾ ਪ੍ਰਭਾਵ ਹਿੰਦੀ ਭਾਸ਼ਾ ਰਾਜ਼ਾਂ ਵਿਚ ਹੀ। 1980 ਦੀਆਂ ਲੋਕ ਸਭਾ ਚੋਣਾਂ ਵਿਚ ਇਸਦੀਆਂ ਕੇਵਲ ਦੋ ਸੀਟਾਂ ਸਨ। 1985 ਅਤੇ 89 ਅਤੇ 1992 ਵਿਚ 119 ਅਤੇ 1996 ਵਿਚ 133 ਅਤੇ 1998 ਵਿਚ 182 ਫੇਰ 1999 ਵਿਚ ਵੀ 182 ਸੀਟਾਂ ਤੋਂ ਨਹੀਂ ਵਧ ਸਕੀ।

ਪਰ 1977 ਵਿਚ ਜਦੋਂ ਜੰਤਾ ਪਾਰਟੀ ਨੇ 270 ਸੀਟਾਂ ਲੋਕ ਸਭਾ ਦੀਆਂ ਜਿਤੀਆਂ ਸਨ ਤਾਂ ਜਨ ਸੰਘੀ ਮੈਂਬਰ 90 ਐਮ.ਪੀ. ਬਣ ਗਏ ਸਨ ਜਦੋਂ ਇਸ ਪਾਰਟੀ ਦਾ ਮੁਢਲਾ ਰੂਪ ਜਨ ਸੰਘ ਸੀ ਇਸਨੇ ਪਹਿਲੀਆਂ ਚੋਣਾਂ ਜੋ 1952 ਵਿਚ ਹੋਈਆਂ ਕੇਵਲ ਤਿੰਨ ਮੈਂਬਰ ਇਸਦੇ ਲੋਕ ਸਭਾ ਵਿਚ ਪੁਜੇ ਸਨ ਅਤੇ ਹਿੰਦੂ ਮਹਾਂ ਸਭਾ ਦੇ ਚਾਰ ਮੈਂਬਰ ਭਾਰਤੀ ਲੋਕ ਸਭਾ ਵਿਚ ਇਹ ਦੋਵੇਂ ਪਾਰਟੀਆਂ ਸਜ ਪਿਛਾਖੜੀ ਪਾਰਟੀਆਂ ਆਖੀਆਂ ਜਾਂਦੀਆਂ ਸਨ 1957 ਵਿਚ ਹਿੰਦੂ ਮਹਾਂ ਸਭਾ ਦੀਆਂ ਦੋ ਸੀਟਾਂ ਰਹਿ ਗਈਆਂ ਅਤੇ ਜਨ ਸੰਘ ਇਕ ਵਧਾ ਗਈ ਚਾਰ ਹੋ ਗਈਆਂ।

1962 ਵਿਚ ਚੀਨ ਦੇ ਹਮਲੇ ਪਿਛੇ ਹੋਈਆਂ ਚੋਣਾਂ ਵਿਚ ਜਦੋਂ ਹਿੰਦੂ ਫਿਰਕਾ ਪਰਸਤ ਜੋਰ ਫੜ ਰਹੇ ਸਨ 14 ਲੋਕ ਸਭਾ ਸੀਟਾਂ ਜਿਤ ਗਏ ਤੇ 1967 ਵਿਚ ਜਨ ਸੰਘ ਪਾਰਟੀ 35 ਸੀਟਾਂ ਜਿਤ ਗਈ ਅਤੇ ਕਿਉਂਕਿ ਹੁਣ ਇਸ ਸਮੇਂ ਕਾਂਗਰਸ ਵਿਰੁਧੀ ਲਹਿਰ ਜੋਰਾਂ ਉਤੇ ਸੀ ਪਰ 1971 ਦੀਆਂ ਚੋਣਾਂ ਵਿਚ ਫੇਰ ਫਿਰਕਾ ਪ੍ਰਸਤ ਪਾਰਟੀ ਦੀ ਨੁਮਾਇੰਦਗੀ ਲੋਕ ਸਭਾ ਵਿਚ ਘਟ ਕੇ 22 ਰਹਿ ਗਈ। ਹੁਣ ਇਸ ਪਾਰਟੀ ਨੇ ਨਿਰਾਸ਼ਾ ਵਸ ਹੋਕੇ ਸਭ ਕਾਂਗਰਸ ਵਿਰੋਧੀਆਂ ਦੇ ਜਮਘਟੇ ਵਿਚ ਆਪਣੇ ਆਪ ਨੂੰ ਲੁਕਾ ਲਿਆ ਅਤੇ 90 ਸੀਟਾਂ 1977 ਵਿਚ ਜਿਤ ਲਈਆਂ। ਜਦੋਂ ਜੰਤਾ ਹਨੇਰੀ ਥਮੀ ਅਤੇ ਮੁੜ ਕਾਂਗਰਸ ਹਨੇਰੀ ਝੁਲੀ ਤਾਂ 1980 ਵਿਚ ਕੇਵਲ ਦੋ ਸੀਟਾਂ ਤਕ ਹੀ ਸਿਮਟ ਗਈ ਭਾਰਤੀ ਜੰਤਾ ਪਾਰਟੀ। 1990 ਤੋਂ ਬਾਅਦ ਤਾਂ ਭਾਰਤੀ ਜੰਤਾ ਪਾਰਟੀ ਦੇ ਨੇਤਾ ਇਕੱਲੇ ਹੀ ਕੇਂਦਰ ਵਿਚ ਸਰਕਾਰ ਬਨਾਉਣ ਦੇ ਦਮਗਜੇ ਮਾਰਨ ਲਗ ਪਏ। ਪਰ ਇਕ ਹਦ ਤਕ ਪੁਜਗੇ ਵਾਧਾ ਰੁਕ ਗਿਆ ਲਗਦਾ ਹੈ। ਨਾ ਪ੍ਰਮਾਣੂ ਨਿਉਕਲੀਅਰ ਧਮਾਕਿਆਂ ਨੇ ਲੋਕ ਸਭਾ ਦੇ ਮੈਂਬਰ ਵਧਾਵੇ ਅਤੇ ਨਾ ਹੀ ਕਾਰ ਗਿਲ ਦੀ ਜਿਤ ਦੇ ਵਿਜੈ ਦਿਵਸ ਸਮਾਰਹੋ ਨੇ।

ਸਗੋਂ 2001 ਵਿਚ ਤਾਂ ਤਹੱਲਕਾ ਡਾਟਕਾਮ ਨੇ ਭਾਜਪਾਈਆਂ ਦੇ ਹੋਰਨਾਂ ਨਾਲੋਂ ਸਾਫ ਸੁਥਰੇ ਹੋਣ ਤੇ ਨਿਵੇਕਲੇ ਸਿਰ ਸ਼ਟਾਚਾਰ ਤੇ ਸਭਿਆਚਾਰ ਵਾਲੇ ਦਾਅਵੇ ਕਾਫੂਰ ਕਰ ਦਿਤੇ। ਜੇ ਪੰਜਾਬ ਅਤੇ ਉਤਰਾਂ ਚਲ, ਉਤਰ ਪ੍ਰਦੇਸ਼ ਦੀਆਂ ਫਰਵਰੀ ਵਿਚ ਹੋਣ ਵਾਲੀਆਂ ਚੋਣਾਂ ਨੇ ਹਵਾ ਕਢ ਦਿਤੀ ਜਿਸਦੀ ਬਹੁਤ ਵਡੀ ਆਸ ਕੀਤੀ ਜਾਂਦੀ ਹੈ। ਤਾਂ ਕੇਂਦਰ ਵਿਚ ਅਸਥਿਰਤਾ ਆਵੇਗੀ ਅਤੇ ਦੇਸ ਨੂੰ ਇਕ ਵਾਰ ਫੇਰ ਮਧਕਾਲੀ ਚੋਣਾਂ ਦਾ ਭਾਰੀ ਖਰਚਾ ਝਲਣਾ ਪੈ ਸਕਦਾ ਹੈ। ਪੰਜਾਬ ਵਿਚ ਬੀ.ਜੇ.ਪੀ. ਅਕਾਲੀ ਦਲ ਦੀ ਭਾਈਵਾਲ ਪਾਰਟੀ ਹੈ ਸਤਾ ਵਿਚ ਇਕ ਚੌਥਾਈ ਹਿਸਾ ਰਖਦੀ ਹੈ 10 ਵਜੀਰਾਂ ਕਰਕੇ ਯੂ.ਪੀ. ਵਿਚ ਬੀ.ਜੇ.ਪੀ. ਦੀ ਆਪਣੀ ਸਰਕਾਰ ਹੈ ਛੋਟੇ ਮੋਟੇ ਗਰੁਪਾਂ ਦੀ ਸਹਾਇਤਾ ਨਾਲ ਅਤੇ ਉਤਰਾਂਚਲ ਵਿਚ ਤਾਂ ਨਿਰੋਲ ਭਗਵੀਂ ਸਰਕਾਰ ਹੈ। ਆਓ ਕੁਝ ਪੰਜਾਬ ਵਿਚ ਇਸਦੇ ਚੋਣ ਘੋਲਾਂ ਦੇ ਨਤੀਜਿਆਂ ਉਤੇ ਪੰਛੀ ਝਾਤ ਪਾਈਏ। ਜਦੋਂ ਪੰਜਾਬ ਅਸੰਬਲੀ ਦੇ 154 ਮੈਂਬਰ ਹੁੰਦੇ ਸਨ ਅਤੇ ਹਰਿਆਣਾ ਤੇ ਹਿਮਾਚਲ ਵੀ ਪੰਜਾਬ ਵਿਚ ਹੀ ਸੀ ਤਾਂ 1952 ਵਿਚ ਭਾਰਤੀ ਜਨ ਸੰਘ ਪੰਜਾਬ ਦੇ ਦੋ ਐਮ.ਐਲ.ਏ. ਸਨ ਪਹਿਲ ਪਲੇਠੀ ਚੋਣ ਵਿਚ, 1957 ਵਿਚ ਇਹ ਪੰਜਾਬੀ ਸੂਬੇ ਦੀ ਵਿਰੋਧਤਾ ਕਰਦੀ ਸੀ ਤਾਂ ਫਿਰਕੂ ਮਹੌਲ ਹਿੰਦੂ ਫਿਰਕਾ ਪ੍ਰਸਤੀ ਦਾ ਪੈਦਾ ਕਰਕੇ 9 ਸੰਘੀ ਐਮ.ਐਲ.ਏ. ਕਾਮ ਯਾਬ ਹੋਏ 1962 ਵਿਚ 8 ਜਨ - ਸੰਘ ਮੈਂਬਰ ਪੰਜਾਬ ਵਿਧਾਨ ਸਭਾ ਦੀ ਸਰਦਲ ਟਪੇ। 1967 ਵਿਚ 9 ਮੈਂਬਰ ਫੇਰ ਜਿਤ ਗਏ ਜਦੋਂ ਕਿ ਕਾਂਗਰਸ ਵਿਰੋਧੀ ਲਹਿਰ ਕਲਕਤੇ ਤੋਂ ਕਸ਼ਮੀਰ ਤਕ ਚਲ ਰਹੀ ਸੀ। 1969 ਵਿਚ 8 ਜਨ ਸੰਘੀ ਐਮ.ਐਲ.ਏ. ਚੁਣੇ ਗਏ। ਜਦੋਂ ਕਿ 1972 ਵਿਚ ਪੰਜਾਬ ਵਿਚੋਂ ਜਨ-ਸੰਘ ਦਾ ਕੋਈ ਮੈਂਬਰ ਵਿਧਾਨ ਸਭਾ ਵਿਚ ਨਾ ਪੁਜ ਸਕਿਆ ਅਤੇ ਇਸੇ ਨਿਰਾਸ਼ਤਾ ਵਿਚ ਹੀ ਉਸਨੇ ਜੰਤਾ ਪਾਰਟੀ ਵਿਚ ਆਪਣੇ ਆਪ ਨੂੰ ਸਮਿਲਤ ਕਰ ਲਿਆ ਇਸ ਤਰਾਂ 1977 ਵਿਚ ਜੰਤਾ ਪਾਰਟੀ ਨੇ 25 ਸੀਟਾਂ ਜਿਤੀਆਂ ਜਿਸ ਵਿਚ ਆਜਾਦ ਅਤੇ ਸੋਸ਼ਲਿਸਟ ਵੀ ਸ਼ਾਮਲ ਸਨ। 1980 ਵਿਚ ਭਾਰਤੀ ਜਨਤਾ ਪਾਰਟੀ ਦਾ ਇਕ ਮੈਂਬਰ ਜਿਤਿਆ।

1985 ਵਿਚ ਭਾਜਪਾਈ 1 ਤੋਂ ਚਾਰ ਹੋ ਗਏ। 1992 ਵਿਚ 6 ਮੈਂਬਰ ਬੀ.ਜੇ.ਪੀ. ਦੇ ਜਿਤੇ ਅਤੇ 1997 ਵਿਚ ਪੁਰਾਣੇ ਜਨ ਸੰਘੀ ਤੇ ਹੁਣ ਦੇ ਭਾਰਤੀ ਜੰਤਾ ਪਾਰਟੀ ਵਾਲੇ ਕਾਂਗਰਸ ਵਿਰੋਧੀ ਲਹਿਰ ਕਾਰਨ 18 ਐਮ.ਐਲ.ਏ. ਬਣ ਗਏ। ਯਾਦ ਰਹੇ ਕਿ 1980 ਨੂੰ ਛਡ ਕੇ ਬੀ.ਜੇ.ਪੀ. ਅਕਾਲੀ ਦਲ ਦੀ ਸਹਿਯੋਗੀ ਪਾਰਟੀ ਹੀ ਰਹੀ ਹੈ। ਇਸਦੇ 10 ਵਜੀਰਾਂ ਦੀ ਫੌਜ ਅਤੇ 18 ਅਸੰਬਲੀ ਮੈਂਬਰਾਂ ਦੀ ਕਾਰਗੁਜਾਰੀ ਬਾਰੇ ਫੈਸਲਾ 13 ਫਰਵਰੀ ਨੂੰ ਜੰਤਾ ਦੇਵੇਗੀ।

Start The Year With The Latest Phones At $0.00

$0* Nokia 3360

UNLIMITED evenings & weekends

50 anytime minutes
PLUS 25 bonus minutes*
PLUS 3 months FREE
voicemail, text and email messaging, caller ID, auto roadside assistance
(evenings go from 6pm to 8am)

only $25/month

$0* Motorola T193

FREE Rogers Video Coupon Offer with 2 year activations Retail Value $100 See store for details FREE

• Leather Case • Car Charger • Hands Free Kit (Retail Value $99)

No Contract, 6 Month Airtime FREE & No Hidden Charges

$129**

Nokia 5165

$149***

Nokia 3360

6 Months ready4U service includes

- 100 weekday and evening minutes each month
- 250 weekend minutes each month
- 2,500 Call Forwarding & Busy/No Answer Transfer minutes each month
- Call Waiting
- Activation Fee (no charge)

*Taxes, long distance, roaming, monthly System Access, 911 Service Access Fees and additional wireless options are extra. Additional minutes are 25¢ each. ** After $20 mail in rebate. *** After $25 mail in rebate*

ROGERS™ AT&T WIRELESS

www.amritech.com email: info@amritech.com

AMRITECH COMPUTER SYSTEMS LTD.

Unit #7-8430-128th St., Surrey, BC
Tel: 604-572-9955

A6-32081 Lougheed Hwy, Mission
Tel: 604-820-0811
Toll Free: 1-888-882-6888

9385-120th St., Delta, BC
Tel: 604-582-9999

#148 31935 S.Fraser Way, Abbotsford
Tel: 604-556-7702

ROGERS™ AT&T Authorized Agent

* After $50 mail-in rebate + $25 in-store credit. Phone offers shown are subject to a two year term activation. $25 activation fee may apply, License fee $6.95 / month applies, Offer good till Jan 15, 2002. Allow 6-8 weeks for $50 mail-in rebate to be applied to your Rogers AT&T statement. Special limited time offer available only at all Amritech locations. Unlimited weekend evenings calling offer available only for limited time. Off Peak Time 6 pm - 8 am Monday to Friday.

™Rogers Commmunications Inc. Used under License ® AT&T Corp. Used under License.

THE
HONDA WAY
YOUR AWARD WINNING DEALERSHIP

be the centre of attention

Get noticed in the 2002 Civic Sedan Sport Edition. One look is all it takes to realize that this unique Genuine Honda Accessories package not only turns heads, but offers up some of the most fun you'll ever experience on four wheels. Available in Nighthawk Black Pearl or Satin Silver Metallic, this Sport Edition is an eye catcher from the word go. So get connected to the Civic Sedan's sporty edge and get prepared to be the centre of attention.

2002 Civic Sedan
Sport Edition

Sport Edition Features

- 15" Alloy Sport Wheels
- Front Skirt
- Side Skirts
- Rear Skirt
- Rear Spoiler
- Front Nose Wind Deflector with badging

Sport Edition Features Value	$3700
Your Price for Features	$1400
Your Value Price Advantage	$2300

IN THE FRASER VALLEY AUTO MALL
Toll Free: 1-800-699-9188

604 857-1430
30150 Automall Drive, Abbotsford BC